Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

Vol 17 * Issue 244
Daily Newspaper Wednesday, December 19, 2018 Tel: 905-793-2202 Fax: 905-793-2282 news@punjabipost.ca

# ਫੈਡਰਲ ਸਰਕਾਰ ਵੱਲੋਂ ਦਿੱਤੀ ਜਾਣ ਵਾਲੀ ਆਰਥਿਕ ਮਦਦ ਨਾਲ ਨਹੀਂ ਮਿਲੇਗਾ ਅਸਲ ਸਮੱਸਿਆ ਤੋਂ ਛੁਟਕਾਰਾ

ਐਡਮੰਟਨ, 18 ਦਸੰਬਰ (ਪੋਸਟ ਬਿਊਰੋ) : ਆਲੋਚਕਾਂ ਦਾ ਕਹਿਣਾ ਹੈ ਕਿ ਐਨਰਜੀ ਸੈਕਟਰ ਦੇ ਸੰਕਟ ਨਾਲ ਜੂਝ ਰਹੇ ਅਲਬਰਟਾ ਪ੍ਰੋਵਿੰਸ ਲਈ ਫੈਡਰਲ ਸਰਕਾਰ ਵੱਲੋਂ 1.6 ਬਿਲੀਅਨ ਡਾਲਰ ਕਰਜ਼ੇ ਤੇ ਐਕਸਪੋਰਟ ਡਿਵੈਲਪਮੈਂਟ ਅਸਿਸਟੈਂਸ ਵਜੋਂ ਮੁਹੱਈਆ ਕਰਵਾਉਣ ਨਾਲ ਅਸਲ ਸਮੱਸਿਆ ਤੋਂ ਨਿਜਾਤ ਨਹੀਂ ਮਿਲ ਸਕੇਗਾ।



ਜ਼ਿਕਰਯੋਗ ਹੈ ਕਿ ਕੁਦਰਤੀ ਵਸੀਲਿਆਂ ਦੇ ਵਿਕਾਸ ਬਾਰੇ ਮੰਤਰੀ ਅਮਰਜੀਤ ਸੋਹੀ ਤੇ ਇੰਟਰਨੈਸ਼ਨਲ ਟਰੇਡ ਡਾਇਵਰਸੀਫਿਕੇਸ਼ਨ ਮੰਤਰੀ ਜਿੰਮ ਕਾਰ ਇਨ੍ਹਾਂ ਫੰਡਾਂ ਦਾ ਐਲਾਨ ਕਰਨ ਲਈ ਮੰਗਲਵਾਰ ਸਵੇਰੇ ਐਡਮੰਟਨ ਵਿੱਚ ਸਨ। ਇਸ ਮੌਕੇ ਸੋਹੀ ਨੇ ਆਖਿਆ ਕਿ ਸਾਡਾ ਸਾਰਾ ਧਿਆਨ ਇਸ ਗੱਲ ਉੱਤੇ ਕੇਂਦਰਿਤ ਹੈ ਕਿ ਅਲਬਰਟਾ ਦਾ ਤੇਲ ਅਤੇ ਗੈਸ ਸੈਕਟਰ ਮੱਧ ਵਰਗੀ ਕੈਨੇਡੀਅਨਾਂ ਲਈ ਬਿਹਤਰ ਰੋਜ਼ਗਾਰ ਦਾ ਸਰੋਤ ਰਹੇ। ਜਦੋਂ ਅਲਬਰਟਾ ਵਿੱਚ ਮੁਸ਼ਕਲ ਆਉਂਦੀ ਹੈ ਉਦੋਂ ਹੀ ਕੈਨੇਡਾ ਵਿੱਚ ਵੀ ਦਿੱਕਤ ਆਉਂਦੀ ਹੈ।

ਮੰਤਰੀਆਂ ਨੇ ਆਖਿਆ ਕਿ ਵੱਡੇ ਫੰਡ ਤੇਲ ਤੇ ਗੈਸ ਸੈਕਟਰ ਵਿੱਚ ਐਕਪੋਰਟਿੰਗ ਕੰਪਨੀਆਂ ਲਈ ਉਪਲਬਧ ਹੋਣਗੇ ਜਦਕਿ ਨਿੱਕੇ ਫੰਡ ਇੰਡਸਟਰੀ ਦੇ ਛੋਟੇ ਖਿਡਾਰੀਆਂ ਦੀ ਮਦਦ ਲਈ ਮੁਹੱਈਆ ਕਰਵਾਏ ਜਾਣਗੇ। ਫੰਡਾਂ ਵਿੱਚੋਂ ਬਚਣ ਵਾਲੀ ਰਕਮ ਆਰਥਿਕ ਵੰਨ-ਸੁਵੰਨਤਾ ਤੇ ਤਕਨਾਲੋਜੀ ਨਾਲ ਜੁੜੇ ਪ੍ਰੋਗਰਾਮਾਂ ਵਿੱਚ ਵੰਡੇ ਜਾਣਗੇ। ਸੋਹੀ ਨੇ ਇਹ ਗੱਲ ਵੀ ਜ਼ੋਰ ਦੇ ਕੇ ਆਖੀ ਕਿ ਮੰਗਲਵਾਰ ਨੂੰ ਐਲਾਨੇ ਗਏ ਇਹ ਮਾਪਦੰਡ ਪ੍ਰੋਵਿੰਸ ਦੀ ਥੋੜ੍ਹੇ ਚਿਰ ਲਈ ਮਦਦ ਕਰ ਸਕਣਗੇ। ...ਬਾਕੀ ਪੰਨਾ 6 ’ਤੇ

ਅੰਦਰ ਪੜ੍ਹੋ
ਗੁਰਰਤਨ ਸਿੰਘ ਨੇ 'ਪਬਲਿਕ ਸੇਫ਼ਟੀ ਰਿਪੋਰਟ' ਵਿਚ ਸਿੱਖਾਂ ਨੂੰ 'ਅੱਤਵਾਦੀ' ਕਹਿਣ ਦਾ ਮੁੱਦਾ ਉਠਾਇਆ — ਪੰਨਾ 3
‘ਐੱਸ ਐੱਫ ਜੇ ਅਤੇ ਪਾਕਿਸਤਾਨੀ ਏਜੰਸੀ ਆਈ ਐੱਸ ਆਈ ਦੀ ਗੰਢਤੁੱਪ ਜ਼ਾਹਰ ਹੋਈ’ — ਪੰਨਾ 4




# ਟਰੰਪ ਵੱਲੋਂ ਲਾਏ ਗਏ ਸਟੀਲ ਤੇ ਐਲੂਮੀਨੀਅਮ ਟੈਰਿਫਜ਼ ਨੂੰ ਹਟਾਇਆ ਜਾਣਾ ਬੇਹੱਦ ਜ਼ਰੂਰੀ: ਫਰੀਲੈਂਡ



ਓਟਵਾ, 18 ਦਸੰਬਰ (ਪੋਸਟ ਬਿਊਰੋ) : ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਦਾ ਕਹਿਣਾ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਲਾਏ ਗਏ ਸਟੀਲ ਤੇ ਐਲੂਮੀਨੀਅਮ ਟੈਰਿਫ ਨੌਰਥ ਅਮੈਰੀਕਨ ਟਰੇਡ ਅਗਰੀਮੈਂਟ ਦੇ ਆਟੋਜ਼ ਨਾਲ ਜੁੜੇ ਅਹਿਮ ਹਿੱਸੇ ਦੇ ਵਿਰੋਧਾਭਾਸੀ ਹਨ, ਜੋ ਕਿ ਆਟੋ ਸੈਕਟਰ ਦੇ ਨਿਘਾਰ ਦਾ ਕਾਰਨ ਬਣਨਗੇ। ਅਮਰੀਕੀ ਕਾਰੋਬਾਰਾਂ ਵੱਲੋਂ ਇਹ ਤਰਕ ਦਿੱਤਾ ਜਾ ਰਿਹਾ ਹੈ ਤੇ ਫਰੀਲੈਂਡ ਨੇ ਆਖਿਆ ਕਿ ਇਸੇ ਕਾਰਨ ਕੈਨੇਡਾ ਵੱਲੋਂ 2019 ਵਿੱਚ ਇਨ੍ਹਾਂ ਟੈਕਸਾਂ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਨੂੰ ਬਲ ਮਿਲ ਰਿਹਾ ਹੈ। ...ਬਾਕੀ ਪੰਨਾ 6 ’ਤੇ

# ਭਾਰਤ ਤੇ ਪਾਕਿ ਦੀਆਂ ਸਰਕਾਰਾਂ ਲਈ ਪੰਜ ਆਬ ਤੇ ਸਿੱਖ ਭਾਈਚਾਰੇ ਨੇ ਕਰਵਾਇਆ ਧੰਨਵਾਦ ਸਮਾਗਮ



ਬਰੈਂਪਟਨ, 18 ਦਸੰਬਰ (ਪੋਸਟ ਬਿਊਰੋ)- ਬੀਤੇ ਸ਼ਨਿਚਰਵਾਰ ਬਰੈਂਪਟਨ ਦੇ ਸਪ੍ਰੈਂਜਾ ਬੈਕੁਇਟ ਹਾਲ ਵਿਖੇ ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਖੋਲਣ ਦੀ ਖੁਸ਼ੀ ਵਿਚ ਪੰਜ ਆਬ ਟੀਵੀ ਦੀ ਮੈਨੇਜਮੈਂਟ ਤੇ ਸਿੱਖ ਭਾਈਚਾਰੇ ਵਲੋਂ ਦੋਵਾਂ ਮੁਲਕਾਂ ਦੀਆ ਸਰਕਾਰਾਂ ਦਾ ਧੰਨਵਾਦ ਕਰਨ ਲਈ ਇਕ ਸਮਾਗਮ ਰੱਖਿਆ ਗਿਆ। ਇਸ ਸਮਾਗਮ ਵਿਚ ਜਿਥੇ ਜ਼ਿਆਦਾਤਰ ਭਾਰਤੀ ਮੂਲ ਦੇ ਲੋਕਾਂ ਨੇ ਸ਼ਿਰਕਤ ਕੀਤੀ, ਉਥੇ ਪਾਕਿਸਤਾਨੀ ਮੂਲ ਦੇ ਕੁੱਝ ਪਰਿਵਾਰਾਂ ਨੇ ਵੀ ਆਪਣੀ ਹਾਜ਼ਰੀ ਲਗਵਾਈ। ਭਾਰਤ ਦੇ ਕੌਂਸਲ ਜਨਰਲ ਸ੍ਰੀ ਦਿਨੇਸ਼ ਭਾਟੀਆ ਨੇ ਇਸ ਮੌਕੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵਲੋਂ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦੌਰਾਨ ਜਾਰੀ ਕੀਤੀ ਗਈ ਸਟੇਟਮੈਂਟ ਸਾਂਝੀ ਕੀਤੀ ਤੇ ਇਸ ਦੇ ਨਾਲ-ਨਾਲ ਜੋ 550 ਸਾਲਾ ਗੁਰਪੁਰਬ ਮਨਾਉਣ ਲਈ ਦੁਨੀਆ ਭਰ ਦੇ ਹਰ ਮੁਲਕ ਵਿਚ ਸਰਕਾਰੀ ਤੌਰ ਉਤੇ ਸਮਾਗਮ ਕਰਵਾਏ ਜਾਣੇ ਹਨ, ਉਨ੍ਹਾਂ ਦਾ ਵਿਸਥਾਰ ਸਹਿਤ ਖੁਲਾਸਾ ਕੀਤਾ। ...ਬਾਕੀ ਪੰਨਾ 4 ’ਤੇ

# ਕੈਨੇਡਾ ਭਰ ’ਚ ਲਾਗੂ ਹੋਣਗੇ ਸ਼ਰਾਬ ਪੀ ਕੇ ਗੱਡੀ ਚਲਾਉਣ ਵਾਲਿਆਂ ਸਬੰਧੀ ਨਵੇਂ ਨਿਯਮ



ਓਟਵਾ, 18 ਦਸੰਬਰ (ਪੋਸਟ ਬਿਊਰੋ) : ਸ਼ਰਾਬ ਪੀ ਕੇ ਗੱਡੀ ਚਲਾਉਣ ਉੱਤੇ ਜੁਰਮਾਨੇ ਵਿਚ ਵਾਧਾ ਕਰਨ ਵਾਲੇ ਨਵੇਂ ਨਿਯਮ ਮੰਗਲਵਾਰ ਤੋਂ ਕੈਨੇਡਾ ਭਰ ਵਿਚ ਲਾਗੂ ਹੋ ਜਾਣਗੇ। ਇਸ ਦੌਰਾਨ ਪੁਲਿਸ ਦੀ ਕਿਸੇ ਵੀ ਡਰਾਈਵਰ ਤੋਂ ਸਾਹ ਦਾ ਸੈਂਪਲ ਦੇਣ ਦੀ ਮੰਗ ਕਰਨ ਵਾਲੀ ਸ਼ਕਤੀ ਵਿੱਚ ਇਜਾਫਾ ਹੋਵੇਗਾ। ਕਈ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਸ ਕਾਨੂੰਨ ਨੂੰ ਚੁਣੌਤੀਆਂ ਦਾ ਸਾਹ-ਮਣਾ ਕਰਨਾ ਪੈ ਸਕਦਾ ਹੈ।

ਇਸ ਸਬੰਧ ਵਿੱਚ ਬਿੱਲ ਜੂਨ ਵਿਚ ਪਾਸ ਹੋਇਆ ਸੀ ਤੇ ਇਸੇ ਅਰਸੇ ਦੌਰਾਨ ਹੀ ਨਸ਼ਾ ਕਰਕੇ ਗੱਡੀ ਚਲਾਉਣ ਦੇ ਸਬੰਧ ਵਿਚ ਨਵੇਂ ਨਿਯਮ ਲਿਆਂਦੇ ਗਏ ਸਨ। ਇਹ ਸੱਭ ਹਾਦਸਿਆਂ ਨੂੰ ਘਟਾਉਣ ਤੇ ਸੜਕਾਂ ਉੱਤੇ ਹੋਣ ਵਾਲੀਆਂ ਮੌਤਾਂ ਨੂੰ ਠੱਲ੍ਹ ਪਾਉਣ ਲਈ ਕੀਤਾ ਜਾ ਰਿਹਾ ਹੈ। ਨਵੇਂ ਕਾਨੂੰਨ ਨਾਲ ਪੁਲਿਸ ਅਜਿਹੇ ਡਰਾਈਵਰਾਂ ਨੂੰ ਕਾਬੂ ਕਰ ਸਕੇਗੀ ਜਿਹੜੇ ਕਾਨੂੰਨੀ ਮਾਤਰਾ ਤੋਂ ਵੱਧ ਸ਼ਰਾਬ ਪੀ ਕੇ ਗੱਡੀ ਚਲਾਉਣਗੇ। ...ਬਾਕੀ ਪੰਨਾ 4 ’ਤੇ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਾਕਰੋਚ, ਚੂਹੇ, ਕਿੜੇ-ਮਕੌੜਿਆਂ ਤੋਂ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME | AUTO
BUSINESS | TRUCKING
R.E.S.P | COMMERCIAL
CONNEX
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga
Axxel Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA
Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
Tico # 50021780
900 Raylawson Blvd. Unit # 6, Brampton

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU
Insurance Advisor
416-557-8080
shevindersidhu@gmail.com
10-7003 Steeles Ave. West, Etobicoke

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
(Government Approved Licensed Technician)
416 938 4598

KELLEY LAW OFFICE
AREA OF PRACTICE
Immigration • Real Estate
Family Law • Business Closing
Corporate • Wills & Estate
Power of Attorney/Affidavit / Attestations
SHINDER KELLEY Barrister, Solicitor & Notary Public
PH. : 905-362-0755 www.kelleylawoffice.ca
1200 Derry Road East Unit #15, Mississauga, ON L5T 0B3

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
Complete Basement
Tiles
Bathrooms
Plumbing
Laminate
Hardwood Floor
Painting
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀ ਕਿੜੇ-ਮਕੌੜਿਆਂ ਤੋਂ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator
647.990.3205

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons, Cockroaches, Centipedes, Flea, Hornets, Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# NEED A LAWYER ??
# KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1



NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, American Airlines, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Signature.ca



tico.ca IATA

Call Us For Guaranteed Lowest Airfare
ANY Airline Time Destination Around the World

transat sunwing AIR CANADA VACATIONS WestJet vacations

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com



SimConnect FREIGHT MANAGEMENT

# HIRING OWNER OPERATORS FOR LAREDO TX & MIDWEST LANES

ਡਰਾਈਵਰਾਂ ਤੇ ਓਨਰ ਅਪਰੇਟਰਾਂ ਦੀ ਲੋੜ

Owner Operator up to 1.65 Per miles

Company Drivers :
Solo/Team : upto .65 Cents Per Mile



Sim Connect Freight Management

24 Hrs Dispatch

Ph: (905)915-1805/(905)799-8822
3380 Airway Dr Mississauga Ontario L4T1V3



ਮੂੰਹੋ ਬੋਲਦੀ ਦੀ Kitchen and Washroom ਬਣਵਾਓ

# Pearson Kitchen & Cabinet

Free Estimate
We Specialize in granite, quartz & marble countertops





We Specialize In:
100% Satisfaction On Time
- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ

Call Vikramjit Sangha: 416-200-0931

Special Discount for Contractors | Buy Direct From The Factory

271 - Glidden Rd. Unit#5, Brampton (Kennedy&Glidden)



chatr MOBILE

NEW

# NATION-WIDE
TALK, TEXT & DATA PLANS
FROM
# $35/MO.

NO OVERAGE CHARGES, NO TERM CONTRACTS, NO CREDIT CHECKS

LET'S GET GOING.
CHATRMOBILE.COM

VISIT OUR LOCATIONS TODAY!

379 Main St. North, Brampton, ON
2456 Lake Shore Blvd W., Etobicoke, ON

chatr AUTHORIZED DEALER

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2018

## ਅੱਜ ਨਾਮਾ

ਮਰਿਆ ਭੁੱਖ ਨਾਲ ਕੋਈ ਤੇ ਖਾਸ ਕੀ ਹੈ,
ਕਹੋ ਮਰਦਿਆਂ ਨੂੰ ਏਦਾਂ ਹੀ ਮਰੀ ਜਾਵੋ।
ਰਿਸ਼ਵਤ ਲੈਣ ਦੀ ਕਿਤੋਂ ਜੇ ਖਬਰ ਆਈ,
ਕਹਿ ਦਿਓ ਚੋਰਾਂ ਨੂੰ, ਜੇਬਾਂ ਨੂੰ ਭਰੀ ਜਾਵੋ।
ਮਾਲ ਧਰਮ ਦਾ ਜਿਹੜੇ ਹਨ ਚਰੀ ਜਾਂਦੇ,
ਆਖੋ ਡਰਨ ਤੋਂ ਬਿਨਾਂ ਇਹ ਚਰੀ ਜਾਵੋ।
ਭ੍ਰਿਸ਼ਟਾਚਾਰ ਵਿੱਚ ਡੋਬ ਕੇ ਮੁਲਕ ਸਾਰਾ,
ਚਰਚਾ ਮੰਦਰ ਬਣਾਉਣ ਦੀ ਕਰੀ ਜਾਵੋ।
ਲੋੜ ਮੰਦਰ ਦੀ ਪਹਿਲਾਂ ਈ ਸਾਰਿਆਂ ਤੋਂ,
ਅੰਤਲੇ ਵਕਤ ਨੂੰ ਕੰਮ ਉਹ ਆਵਣਾ ਈ।
ਭ੍ਰਿਸ਼ਟਾਚਾਰ ਦੇ ਕਰਨ ਇਸ਼ਨਾਨ ਮਗਰੋਂ,
ਜਿੱਧਰ ਪਾਪ ਬਖਸ਼ਾਵਣ ਨੂੰ ਜਾਵਣਾ ਈ।

**ਤੀਸ ਮਾਰ ਖਾਂ**

## ਗੁਰਪੁਰਬ ਤੇ ਸ਼ੁਕਰਾਨਾ ਦਿਵਸ ਮਨਾਏ

ਬੀਤੇ ਵੀਰਵਾਰ ਸਾਊਥ ਏਸ਼ੀਅਨ ਐਸੋਸੀਏਸ਼ਨ ਮਾਲਟਨ ਨੇ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਨ ਤੇ ਕਰਤਾਰਪੁਰ ਸਾਹਿਬ ਲਾਂਘੇ ਦਾ ਸ਼ੁਕਰਾਨਾ ਦਿਵਸ ਬੜੀ ਧੂਮਧਾਮ ਨਾਲ ਮਨਾਏ। ਸਮੁੱਚੇ ਕਲੱਬ ਵਲੋਂ ਤਿਲਫੁਲ ਨਾਲ ਚਾਹਪਾਣੀ ਦਾ ਪ੍ਰਬੰਧ ਕੀਤਾ ਗਿਆ। ਜਿਸ ਮਗਰੋਂ ਗੁਰੂ ਸਾਹਿਬ ਦੇ ਕਿਰਤ ਕਰਨ ਤੇ ਵੰਡ ਛਕਣ ਦੇ ਸਿਧਾਂਤ ਦੀ ਵਿਆਖਿਆ ਕੀਤੀ ਗਈ। ਵਧੇਰੇ ਜਾਣਕਾਰੀ ਲਈ ਐਸੋਸ਼ੀਏਸ਼ਨ ਦੇ ਪ੍ਰਧਾਨ ਸੁਖਮਿੰਦਰ ਰਾਮਪੁਰੀ ਨਾਲ 416-400-2131 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸਿੱਖ ਸਟੂਡੈਂਟ ਐਸੋਸਿਏਸ਼ਨਜ਼ ਵੱਲੋਂ ਲੋੜਵੰਦਾਂ ਦੀ ਮਦਦ ਲਈ ਸੇਵਾ ਕੈਂਪ 27 ਨੂੰ

ਟੋਰਾਂਟੋ, 18 ਦਸੰਬਰ (ਪੋਸਟ ਬਿਊਰੋ) : ਗ੍ਰੇਟਰ ਟੋਰਾਂਟੋ ਏਰੀਆ ਤੋਂ ਸਿੱਖ ਸਟੂਡੈਂਟ ਐਸੋਸਿਏਸ਼ਨਜ਼ (ਐਸਐਸਏਜ਼) ਵੱਲੋਂ 27 ਦਸੰਬਰ, 2018 ਨੂੰ ਜ਼ਰੂਰਤਮੰਦ ਲੋਕਾਂ ਦੀ ਮਦਦ ਲਈ ਡਾਊਨਟਾਊਨ ਟੋਰਾਂਟੋ ਵਿੱਚ ਸੇਵਾ ਕੈਂਪ ਲਾਇਆ ਜਾ ਰਿਹਾ ਹੈ।

ਇਸ ਮੌਕੇ ਲੋੜਵੰਦਾਂ ਨੂੰ ਖਾਣ-ਪੀਣ ਦਾ ਸਮਾਨ ਤੇ ਠੰਢ ਤੋਂ ਬਚਣ ਲਈ ਨਿੱਘੇ ਕੱਪੜੇ ਆਦਿ ਵੰਡੇ ਜਾਣਗੇ। ਇਨ੍ਹਾਂ ਦੇ ਪੈਕੇਜ ਵਿਦਿਆਰਥੀਆਂ ਵੱਲੋਂ ਆਪ ਤਿਆਰ ਕੀਤੇ ਗਏ ਹਨ। ਇਨ੍ਹਾਂ ਪੈਕੇਜਿਜ਼ ਵਿੱਚ ਪਾਣੀ ਦੀਆਂ ਬੋਤਲਾਂ, ਨਿਊਟਰੀਸ਼ਨ ਬਾਰਜ਼, ਟੁੱਥਬਰੱਸ਼ਿਜ਼, ਟੁੱਥਪੇਸਟ ਤੇ ਨਿੱਘੇ ਕੱਪੜੇ ਸ਼ਾਮਲ ਹਨ। ਇਸ ਈਵੈਂਟ ਦਾ ਇਹ ਲਗਾਤਾਰ ਚੌਥਾ ਸਾਲ ਹੈ। ਹਾਈ ਸਕੂਲ ਐਸਐਸਏਜ਼ ਵੱਲੋਂ ਜੀਟੀਏ ਭਰ ਦੇ ਵਿਦਿਆਰਥੀਆਂ ਨੂੰ ਇੱਕ ਮੰਚ ਉੱਤੇ ਇੱਕਠਾ ਕਰਕੇ ਸੇਵਾ (ਨਿਰਸਵਾਰਥ ਸੇਵਾ) ਦੇ ਇਸ ਉੱਦਮ ਵਿੱਚ ਲਾਇਆ ਜਾਂਦਾ ਹੈ। ਸਾਲ ਦੇ ਇਸ ਹਿੱਸੇ ਦੌਰਾਨ ਖਾਸਤੌਰ ਉੱਤੇ ਸੇਵਾ ਮੁਹਿੰਮ ਮਨੁੱਖਤਾ ਖਾਤਰ ਆਪਣੀਆਂ ਜਿੰਦਾਂ ਕੁਰਬਾਨ ਕਰਨ ਵਾਲੇ ਚਾਰ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਮਨਾਈ ਜਾਂਦੀ ਹੈ। ਇਸ ਦੌਰਾਨ ਹੀ ਕ੍ਰਿਸਮਸ ਦਾ ਤਿਓਹਾਰ ਵੀ ਆਉਂਦਾ ਹੈ ਤੇ ਕੈਨੇਡੀਅਨ ਛੁੱਟੀਆਂ ਦੇ ਸੀਜ਼ਨ ਲਈ ਤਿਆਰ ਹੁੰਦੇ ਹਨ। ਸਾਡਾ ਟੀਚਾ ਸਾਂਝੀਆਂ ਕਦਰਾਂ ਕੀਮਤਾਂ ਨੂੰ ਅਮਲ ਵਿੱਚ ਲਿਆਉਣਾ ਹੈ ਤੇ ਇਸੇ ਲਈ ਅਸੀਂ ਲੋੜਵੰਦ ਕੈਨੇਡੀਅਨਾਂ ਦੀ ਸੇਵਾ ਲਈ ਸੜਕਾਂ ਉੱਤੇ ਉਤਰਦੇ ਹਾਂ।

# ਗੁਰਰਤਨ ਸਿੰਘ ਨੇ 'ਪਬਲਿਕ ਸੇਫ਼ਟੀ ਰਿਪੋਰਟ' ਵਿਚ ਸਿੱਖਾਂ ਨੂੰ 'ਅੱਤਵਾਦੀ' ਕਹਿਣ ਦਾ ਮੁੱਦਾ ਓਨਟਾਰੀਓ ਅਸੈਂਬਲੀ 'ਚ ਉਠਾਇਆ

### ਫ਼ੈੱਡਰਲ ਸਰਕਾਰ ਨੂੰ ਕਿਹਾ,"ਇਸ ਨੂੰ ਸਾਬਤ ਕਰੋ ਜਾਂ ਰਿਪੋਰਟ ਵਿੱਚੋਂ ਹਟਾਓ"



ਕੁਈਨਜ਼ ਪਾਰਕ -ਬਰੈਂਪਟਨ ਈਸਟ ਤੋਂ ਐੱਨ.ਡੀ.ਪੀ. ਦੇ ਐੱਮ.ਪੀ.ਪੀ' ਗੁਰਰਤਨ ਸਿੰਘ ਨੇ ਓਨਟਾਰੀਓ ਲੈਜਿਸਲੇਟਿਵ ਅਸੈਂਬਲੀ ਵਿਚ ਫ਼ੈੱਡਰਲ ਸਰਕਾਰ ਵੱਲੋਂ ਪਿਛਲੇ ਹਫ਼ਤੇ ਔਟਵਾ ਤੋਂ ਜਾਰੀ ਕੀਤੀ ਗਈ 'ਪਬਲਿਕ ਸੇਫ਼ਟੀ ਰਿਪੋਰਟ' ਵਿਚ ਸਿੱਖਾਂ ਨੂੰ ਕੈਨੇਡਾ ਲਈ ਅੱਤਵਾਦੀ ਧਮਕੀ ਗਰਦਾਨਣ 'ਤੇ ਇਸ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।

ਸਦਨ ਵਿਚ ਬੋਲਦਿਆਂ ਉਨ੍ਹਾਂ ਕਿਹਾ,"ਫ਼ੈਡਰਲ ਸਰਕਾਰ ਇਸ ਨੂੰ ਸਾਬਤ ਕਰੇ ਜਾਂ ਫਿਰ ਇਸ ਨੂੰ ਰਿਪੋਰਟ ਵਿੱਚੋਂ ਖ਼ਾਰਜ ਕਰੇ।" ਉਨ੍ਹਾਂ ਕਿਹਾ ਕਿ ਇਸ ਰਿਪੋਰਟ ਵਿਚ ਕੈਨੇਡਾ ਦੇ ਉਹ ਸਾਰੇ ਸਿੱਖ ਜਿਹੜੇ ਵੀ ਸਿੱਖ ਧਰਮ ਨੂੰ ਮੰਨਦੇ ਹਨ, ਅੱਤਵਾਦੀ ਗਰਦਾਨੇ ਗਏ ਹਨ। ਸਾਨੂੰ ਫ਼ੈੱਡਰਲ ਸਰਕਾਰ ਕੋਲੋਂ ਇਸ ਦੇ ਬਾਰੇ ਪੂਰੀ ਵਿਆਖਿਆ ਸਹਿਤ ਜਾਣਕਾਰੀ ਚਾਹੀਦੀ ਹੈ ਅਤੇ ਜੇਕਰ ਸਰਕਾਰ ਵੱਲੋਂ ਲੋੜੀਂਦੀ ਜਾਣਕਾਰੀ ਨਹੀਂ ਦਿੱਤੀ ਜਾਂਦੀ ਤਾਂ ਉਹ ਇਸ ਰਿਪੋਰਟ ਵਿੱਚੋਂ ਸ਼ਬਦ ਸਿੱਖ ਕਮਿਊਨਿਟੀ ਨੂੰ ਹਟਾਉਣ ਲਈ ਤੁਰਤ ਕਾਰਵਾਈ ਕਰੇ।

ਗੁਰਰਤਨ ਸਿੰਘ ਨੇ ਇਹ ਵੀ ਕਿਹਾ ਫ਼ੈੱਡਰਲ ਸਰਕਾਰ ਓਨਟਾਰੀਓ ਦੀ ਸਿੱਖ ਕਮਿਊਨਿਟੀ ਕੋਲੋਂ ਇਸ ਦੇ ਲਈ ਮੁਆਫ਼ੀ ਮੰਗਣੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਇਹ ਕੇਵਲ ਸਿੱਖ ਕਮਿਊਨਿਟੀ ਬਾਰੇ ਹੀ ਨਹੀਂ, ਸਗੋਂ ਸਮੁੱਚੀਆਂ ਘੱਟ-ਗਿਣਤੀਆਂ ਅਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਲਈ ਜ਼ਰੂਰੀ ਹੈ। ਜਦੋਂ ਸਰਕਾਰ ਕਿਸੇ ਸਾਰੀ ਕਮਿਊਨਿਟੀ ਨੂੰ ਹੀ ਬਗ਼ੈਰ ਕਿਸੇ ਸਬੂਤ ਤੋਂ ਖ਼ਤਰਾ ਜਾਂ ਧਮਕੀ ਸਮਝੀ ਜਾਵੇ ਤਾਂ ਇਹ ਉਨ੍ਹਾਂ ਵਿਅੱਕਤੀਆਂ ਲਈ ਨਸਲਵਾਦ ਅਤੇ ਮਨੁੱਖੀ ਭੇਦ-ਭਾਵ ਵਾਲਾ ਮਸਲਾ ਬਣ ਜਾਂਦਾ ਹੈ।

# ਮੋਦੀ ਦੀ ਜਨਤਕ ਰੈਲੀ ਨੇ ਮੁਰਦਿਆਂ ਦਾ ਰੂਟ ਵੀ ਬਦਲਿਆ



ਮੁੰਬਈ/ ਕਲਿਆਣ, 18 ਦਸੰਬਰ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੁੰਬਈ ਦੀ ਅੱਜ ਦੀ ਫੇਰੀ ਮੌਕੇ ਕੀਤੀ ਗਈ ਰੈਲੀ ਵਾਲੇ ਥਾਂ ਨੇੜਲਾ ਸ਼ਮਸ਼ਾਨ ਘਾਟ ਅੱਜ ਸੁਰੱਖਿਆ ਕਾਰਨ ਦੱਸ ਕੇ ਬੰਦ ਕਰ ਦਿੱਤਾ ਗਿਆ। ਲਾਲ ਚੌਕੀ ਸ਼ਮਸ਼ਾਨ ਘਾਟ ਬੰਦ ਹੋਣ ਨਾਲ ਲੋਕਾਂ ਨੂੰ ਆਪਣੇ ਪਰਿਵਾਰਕ ਜੀਆਂ ਦੇ ਸਸਕਾਰ ਲਈ ਹੋਰ ਪ੍ਰਬੰਧ ਕਰਨੇ ਪਏ। ਸ਼ਮਸ਼ਾਨ ਘਾਟ ਰੈਲੀ ਵਾਲੀ ਥਾਂ ਤੋਂ ਮਸਾਂ ਦੋ ਸੌ ਮੀਟਰ ਦੂਰ ਸੀ। ਇਹ ਉਹੀ ਫੜਕੇ ਮੈਦਾਨ ਹੈ, ਜਿੱਥੇ ਨਰਿੰਦਰ ਮੋਦੀ ਨੇ 2014 ਵਿੱਚ ਮਹਾਰਾਸ਼ਟਰ ਵਿਧਾਨ ਸਭਾ ਦੀ ਚੋਣ ਮੌਕੇ ਚੋਣ ਮੀਟਿੰਗ ਕੀਤੀ ਸੀ।

ਇਸ ਦੌਰਾਨ ਅੱਜ ਪ੍ਰਧਾਨ ਮੰਤਰੀ ਮੋਦੀ ਨੇ ਇਥੇ 33 ਹਜ਼ਾਰ ਕਰੋੜ ਰੁਪਏ ਦੀ ਲਾਗਤ ਦੀਆਂ ਦੋ ਮੈਟਰੋ ਲਾਈਨਾਂ ਤੇ ਸਸਤੇ ਹਾਊਸਿੰਗ ਪ੍ਰਾਜੈਕਟਾਂ ਲਈ ਨੀਂਹ ਪੱਥਰ ਰੱਖਿਆ। ਇਨ੍ਹਾਂ ਨੀਂਹ ਪੱਥਰਾਂ ਨੂੰ ਅਗਲੀਆਂ ਲੋਕ ਸਭਾ ਚੋਣਾਂ ਨਾਲ ਜੋੜ ਕੇ ਵੇਖਿਆ ਗਿਆ ਹੈ। ਮੋਦੀ ਨੇ ਕਾਰਟੂਨ ਵਿਅੰਗਕਾਰ ਆਰ ਕੇ ਲਕਸ਼ਮਣ ਬਾਰੇ ਕਿਤਾਬ 'ਟਾਈਮਲੈੱਸ' ਲਕਸ਼ਮਣ' ਵੀ ਇਸ ਮੌਕੇ ਰਿਲੀਜ਼ ਕੀਤੀ। ਅੱਜ ਮੁੰਬਈ ਫੇਰੀ ਦੌਰਾਨ ਮੋਦੀ ਨੇ ਲੰਮੇ ਸਮੇਂ ਤੋਂ ਉਡੀਕੇ ਜਾ ਰਹੇ ਠਾਣੇ-ਭਿਵੰਡੀ-ਕਲਿਆਣ (ਮੈਟਰੋ 5) ਅਤੇ ਦਹਿਸਰ-ਮੀਰਾ ਭਯੰਦਰ (ਮੈਟਰੋ 9) ਉਤੇ ਕੰਮ ਸ਼ੁਰੂ ਕਰਾਇਆ। ਇਨ੍ਹਾਂ ਦੋ ਪ੍ਰਾਜੈਕਟਾਂ 'ਤੇ 15 ਹਜ਼ਾਰ ਕਰੋੜ ਰੁਪਏ ਤੋਂ ਵੱਧ ਨਿਵੇਸ਼ ਹੋਵੇਗਾ।

# ਰਾਫਾਲ ਜਹਾਜ਼ ਸੌਦੇ ਨੇ ਪਾਰਲੀਮੈਂਟ ਦੀ ਕਾਰਵਾਈ ਅੱਜ ਵੀ ਨਹੀਂ ਚੱਲਣ ਦਿੱਤੀ

### * ਵਿਰੋਧੀ ਧਿਰ ਵੱਲੋਂ ਜੇ ਪੀ ਸੀ ਬਣਾਉਣ ਦੀ ਮੰਗ ਅਜੇ ਵੀ ਜਾਰੀ

ਨਵੀਂ ਦਿੱਲੀ, 18 ਦਸੰਬਰ, (ਪੋਸਟ ਬਿਊਰੋ)- ਨਰਿੰਦਰ ਮੋਦੀ ਸਰਕਾਰ ਅਤੇ ਵਿਰੋਧੀ ਧਿਰ ਵਿਚਾਲੇ ਰਾਫਾਲ ਜਹਾਜ਼ਾਂ ਦੇ ਸੌਦੇ ਤੋਂ ਬਣੇ ਟਕਰਾਅ ਨਾਲ ਮੰਗਲਵਾਰ ਵੀ ਪਾਰਲੀਮੈਂਟ ਦੀ ਕਾਰਵਾਈ ਨਹੀਂ ਚੱਲ ਸਕੀ। ਵਿਰੋਧੀ ਧਿਰਾਂ ਦੇ ਰੌਲੇ ਵਿੱਚ ਦੋਵਾਂ ਸਦਨਾਂ ਨੂੰ ਅੱਜ ਫੇਰ ਦਿਨ ਸਾਰੇ ਲਈ ਮੁਲਤਵੀ ਕਰ ਦਿੱਤਾ ਗਿਆ। ਇਸ ਦੌਰਾਨ ਤਾਮਿਲ ਨਾਡੂ ਦੀਆਂ ਸਿਆਸੀ ਧਿਰਾਂ ਅੰਨਾ ਡੀ ਐੱਮ ਕੇ ਅਤੇ ਡੀ ਐੱਮ ਕੇ ਵਾਲਿਆਂ ਨੇ ਕਾਵੇਰੀ ਡੈਮ ਮੁੱਦੇ 'ਤੇ ਵਿਰੋਧ ਜਤਾਇਆ। ਤੇਲਗੂ ਦੇਸਮ ਦੇ ਮੈਂਬਰਾਂ ਨੇ ਆਂਧਰਾ ਪ੍ਰਦੇਸ਼ ਲਈ ਵਿਸ਼ੇਸ਼ ਦਰਜੇ ਦੀ ਮੰਗ ਕੀਤੀ।



ਕਾਰਵਾਈ ਵਿਚ ਵਿਘਨ ਨਾ ਪਾਉਣ ਲਈ ਲੋਕ ਸਭਾ ਸਪੀਕਰ ਸੁਮਿੱਤਰਾ ਮਹਾਜਨ ਵੱਲੋਂ ਅਪੀਲਾਂ ਦੀ ਪਰਵਾਹ ਨਾ ਕਰਦੇ ਹੋਏ ਵਿਰੋਧੀ ਧਿਰ ਕਾਂਗਰਸ ਦੇ ਮੈਂਬਰਾਂ ਨੇ ਕੇਂਦਰ ਸਰਕਾਰ ਵਿਰੁੱਧ ਲਿਖੇ ਪੋਸਟਰ ਲਹਿਰਾਏ। ਕਾਂਗਰਸ ਦੇ ਮੈਂਬਰ ਵਿਰੋਧ ਕਰਦੇ ਹੋਏ ਸਪੀਕਰ ਦੀ ਕੁਰਸੀ ਅੱਗੇ ਆ ਗਏ ਅਤੇ ਰਾਫਾਲ ਜਹਾਜ਼ ਸੌਦੇ ਦੀ ਜਾਂਚ ਲਈ ਸਾਂਝੀ ਪਾਰਲੀਮੈਂਟਰੀ ਕਮੇਟੀ (ਜੇ ਪੀ ਸੀ) ਬਣਾਉਣ ਦੀ ਮੰਗ ਕਰਨ ਲੱਗੇ। ਇਸੇ ਮੌਕੇ ਕੌਮੀ ਡਿਜ਼ਾਈਨ ਸੰਸਥਾਨ ਸੋਧ ਬਿੱਲ ਪਾਰਲੀਮੈਂਟ ਵਿਚ ਪੇਸ਼ ਕੀਤਾ ਗਿਆ, ਜਿਹੜਾ ਇਨ੍ਹਾਂ ਸੰਸਥਾਵਾਂ ਨੂੰ ਕੌਮੀ ਮਹੱਤਵ ਦੀਆਂ ਸੰਸਥਾਵਾਂ ਐਲਾਨਣ ਬਾਰੇ ਸੀ।

ਰਾਜ ਸਭਾ ਵਿਚ ਮੈਂਬਰਾਂ ਨੂੰ ਸ਼ਾਂਤ ਰਹਿਣ ਲਈ ਚੇਅਰਮੈਨ ਵੈਂਕਈਆ ਨਾਇਡੂ ਵੱਲੋਂ ਕਈ ਅਪੀਲਾਂ ਦੇ ਬਾਵਜੂਦ ਕਾਰਵਾਈ ਵਿਚ ਵਿਰੋਧੀ ਧਿਰਾਂ ਨੇ ਵਿਘਨ ਜਾਰੀ ਰੱਖਿਆ। ਨਾਇਡੂ ਨੇ ਇਸ ਮੌਕੇ ਤੂਫ਼ਾਨ ਪ੍ਰਭਾਵਿਤ ਰਾਜਾਂ ਦੇ ਲੋਕਾਂ ਨਾਲ ਸਬੰਧਤ ਮੁੱਦੇ, ਕੀਮਤਾਂ ਵਿਚ ਵਾਧੇ ਤੇ ਖੇਤੀ ਵਾਲੇ ਅਹਿਮ ਮੁੱਦੇ ਮੈਂਬਰਾਂ ਦੇ ਧਿਆਨ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ। ਅੰਨਾ ਡੀ ਐੱਮ ਕੇ ਅਤੇ ਡੀ ਐੱਮ ਕੇ ਮੈਂਬਰਾਂ ਨੇ ਕਾਵੇਰੀ ਨਦੀ ਉੱਤੇ ਡੈਮ ਬਣਾਏ ਜਾਣ ਦਾ ਵਿਰੋਧ ਕਰਦੇ ਪੋਸਟਰ ਹਵਾ 'ਚ ਲਹਿਰਾਏ। ਰਾਜ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਗ਼ੁਲਾਮ ਨਬੀ ਆਜ਼ਾਦ ਨੇ ਕਿਹਾ ਕਿ ਵਿਰੋਧੀ ਧਿਰ ਵੱਲੋਂ ਕੇਂਦਰ ਦੇ ਖ਼ਿਲਾਫ਼ ਰਾਫਾਲ ਸੌਦੇ ਬਾਰੇ ਰੱਖੇ ਵਿਸ਼ੇਸ਼ ਅਧਿਕਾਰ ਪ੍ਰਸਤਾਵ 'ਤੇ ਚਰਚਾ ਹੋਣੀ ਚਾਹੀਦੀ ਹੈ।



ਲੋਕ ਸਭਾ ਅੰਦਰ ਕਾਂਗਰਸ ਦੇ ਨੇਤਾ ਮਲਿਕਾਰੁਜਨ ਖੜਗੇ ਭਾਸ਼ਨ ਦੌਰਾਨ।


**COLUMBUS TRUCK WASH**

Open 7 Days



A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

**REXDALE FINANCIAL SERVICES**
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5


# ਨੌਰਥ ਯੌਰਕ ਵਿੱਚ ਚੱਲੀ ਗੋਲੀ, 1 ਹਲਾਕ

ਨੌਰਥ ਯੌਰਕ, 18 ਦਸੰਬਰ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਨੌਰਥ ਯੌਰਕ ਵਿੱਚ ਚੱਲੀ ਗੋਲੀ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।

ਇਹ ਗੋਲੀਕਾਂਡ ਸਵੇਰੇ 6:00 ਵਜੇ ਤੋਂ ਠੀਕ ਬਾਅਦ ਜੇਨ ਸਟਰੀਟ ਤੇ ਫਿੰਚ ਐਵਨਿਊ ਦੇ ਨੇੜੇ ਸੈਨ ਰੋਮਾਨੋਵੇ ਵਿੱਚ ਵਾਪਰਿਆ। ਪੁਲਿਸ ਨੇ ਦੱਸਿਆ ਕਿ ਇਸ ਵਿਅਕਤੀ ਨੂੰ ਬਾਹਰਵਾਰ ਗੋਲੀ ਮਾਰੀ ਗਈ। ਮਸ਼ਕੂਕਾਂ ਦੇ ਸਬੰਧ ਵਿੱਚ ਜਾਂਚਕਾਰਾਂ ਵੱਲੋਂ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।




**ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼**
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੁਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
Natural Cure
NO SIDE EFFECTS
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

**SherGill Law Firm**
*Barrister, Solicitor & Notary Public*
**Services:**
- Real Estate
- Residential, Commercial, Franchise
- Criminal Law
- Family Law
- Affidavit, Power Of Attorney & Notarization
- Immigration Matters

**Paramjit Singh Gill** (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6



**AMAN TRAVEL**
**ਅਮਨ ਟਰੈਵਲ**
SPECIAL FARES TO DELHI & AMRITSAR
TICO # 50022741



LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਭਾਰਤ ਤੇ ਪਾਕਿ ਦੀਆਂ ਸਰਕਾਰਾਂ ਲਈ ਪੰਜ ਆਬ ਤੇ ਸਿੱਖ ਭਾਈਚਾਰੇ ਨੇ ਕਰਵਾਇਆ ਧੰਨਵਾਦ ਸਮਾਗਮ









...ਪੰਨਾ 1 ਦਾ ਬਾਕੀ

ਇਸੇ ਤਰ੍ਹਾਂ ਸੁਲਤਾਨਪੁਰ ਲੋਧੀ ਨੂੰ ਨਾਨਕ ਦਾ ਪਿੰਡ ਬਣਾਉਣ ਤੇ ਦੁਨੀਆ ਦੀਆਂ ਕੁੱਝ ਯੂਨੀਵਰਸਿਟੀ ਵਿਚ ਗੁਰਬਾਣੀ 'ਤੇ ਸਟੱਡੀ ਲਈ ਚੇਅਰ ਦਾ ਸਥਾਪਿਤ ਕਰਨਾ ਵੀ ਸ਼ਾਮਲ ਹੈ।

ਸ੍ਰੀ ਭਾਟੀਆ ਨੇ ਭਾਰਤ ਸਰਕਾਰ ਵਲੋਂ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਮਨਾਉਣ ਨੂੰ ਭਾਰਤ ਸਰਕਾਰ ਦੀ ਤਰਜੀਹ ਦੱਸਿਆ ਅਤੇ ਨਾਨਕ ਨਾਮ ਲੇਵਾ ਸਿੱਖਾਂ ਨੂੰ ਇਸ ਵਿਚ ਸਹਿਯੋਗ ਦੇਣ ਦੀ ਮੰਗ ਵੀ ਕੀਤੀ। ਸ੍ਰੀ ਦਿਨੇਸ਼ ਭਾਟੀਆ ਨੂੰ ਪੰਜ ਆਬ ਦੀ ਟੀਮ ਵਲੋਂ ਅਤੇ ਏਅਰਫੋਰਸ ਦੇ ਸਾਬਕਾ ਅਫ਼ਸਰਾਂ ਵਲੋਂ ਕਰਤਾਰਪੁਰ ਸਾਹਿਬ ਦੀ ਇਕ ਖ਼ੂਬਸੂਰਤ ਤਸਵੀਰ ਵੀ ਭੇਟ ਕੀਤੀ ਗਈ। ਇਸ ਮੌਕੇ ਸ: ਇੰਦਰਜੀਤ ਸਿੰਘ ਬੱਲ, ਰਣਧੀਰ ਰਾਣਾ, ਅਮਰਜੀਤ ਸਿੰਘ ਰਾਏ, ਜਗਦੀਸ਼ ਗਰੇਵਾਲ, ਬਲਜੀਤ ਮੰਡ, ਕੁਲਵਿੰਦਰ ਛੀਨਾ, ਜੱਸੀ ਸਰਾਏ, ਦਿਲਬਾਗ ਚਾਵਲਾ, ਸਿੱਖ ਸਪੋਰਟਸ ਕਲੱਬ ਤੋਂ ਇੰਦਰਜੀਤ ਸਿੰਘ ਜਗਰਾਓਂ ਤੇ ਹੋਰ ਬੁਲਾਰਿਆਂ ਨੇ ਜਿਥੇ ਕਰਤਾਰ-ਪੁਰ ਸਾਹਿਬ ਦੇ ਲਾਂਘੇ ਉਤੇ ਖੁਸ਼ੀ ਦਾ ਇਜ਼ਹਾਰ ਕੀਤਾ, ਉਥੇ ਗੁਰੂ ਨਾਨਕ ਦੇਵ ਜੀ ਦੇ ਸਾਂਝੀਵਾਲਤਾ ਦੇ ਸੰਦੇਸ਼ ਨੂੰ ਅੱਗੇ ਤੋਰਨ ਤੇ ਦੋਵਾਂ ਮੁਲਕਾਂ ਦੇ ਨਿਵਾਸੀਆਂ ਦੇ ਦਿਲਾਂ ਦੇ ਲਾਂਘੇ ਵੀ ਖੋਲ੍ਹਣ ਦੀ ਅਪੀਲ ਕੀਤੀ। ਇਸ ਮੌਕੇ 770 ਏਐਮ ਰੇਡੀਓ ਦੇ ਹੋਸਟਾਂ ਵਲੋਂ ਪਾਕਿਸਤਾਨੀ ਮੂਲ ਦੇ ਕੁਰੈਸ਼ੀ ਪਰਿਵਾਰ ਨੂੰ ਇਕ ਸਨਮਾਨ ਚਿੰਨ੍ਹ ਵੀ ਭੇਟ ਕੀਤਾ ਗਿਆ।

# 'ਐੱਸ ਐੱਫ ਜੇ ਅਤੇ ਪਾਕਿਸਤਾਨੀ ਏਜੰਸੀ ਆਈ ਐੱਸ ਆਈ ਦੀ ਗੰਢਤੁੱਪ ਜ਼ਾਹਰ ਹੋਈ'

## ਕੈਪਟਨ ਅਮਰਿੰਦਰ ਦਾ ਦਾਅਵਾ



ਚੰਡੀਗੜ੍ਹ, 18 ਦਸੰਬਰ, (ਪੋਸਟ ਬਿਊਰੋ)- ਸਿੱਖਜ਼ ਫਾਰ ਜਸਟਿਸ (ਐੱਸ ਐੱਫ ਜੇ) ਵੱਲੋਂ ਪੰਜਾਬ ਨੂੰ ਭਾਰਤ ਸਰਕਾਰ ਤੋਂ ਆਜ਼ਾਦ ਕਰਾਉਣ ਲਈ ਪਾਕਿਸਤਾਨ ਦੀ ਮਦਦ ਮੰਗਣ ਲਈ ਦਿੱਤੇ ਬਿਆਨ ਬਾਰੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਇਸ ਬਿਆਨ ਨਾਲ ਇਸ ਜਥੇਬੰਦੀ ਦੇ ਇਰਾਦੇ ਅਤੇ ਪਾਕਿਸਤਾਨੀ ਫ਼ੌਜ ਅਤੇ ਖੁਫੀਆ ਏਜੰਸੀ ਆਈ ਐੱਸ ਆਈ ਨਾਲ ਇਸ ਦੀ ਗੰਢਤੁੱਪ ਦਾ ਪਰਦਾ ਫਾਸ਼ ਹੋ ਗਿਆ ਹੈ।

ਅੱਜ ਏਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐੱਸ ਐੱਫ ਜੇ ਜਥੇਬੰਦੀ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਦੇ ਬਿਆਨ ਉੱਤੇ ਬਾਰੇ ਕਿਹਾ ਕਿ ਇਹ ਸਾਫ ਹੋ ਗਿਆ ਹੈ ਕਿ ਪਾਕਿਸਤਾਨੀ ਫ਼ੌਜ ਅਤੇ ਆਈ ਐੱਸ ਆਈ ਦੇ ਸਮਰਥਨ ਨਾਲ ਐੱਸ ਐੱਫ ਜੇ ਵੱਲੋਂ ਭਾਰਤੀ ਪੰਜਾਬ ਵਿੱਚ ਗੜਬੜ ਦੀ ਕੋਸ਼ਿਸ਼ ਚੱਲ ਰਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਐੱਸ ਐੱਫ ਜੇ ਵੱਲੋਂ 'ਕਰਤਾਰਪੁਰ ਕਨਵੈਨਸ਼ਨ-2019' ਕਰਾਉਣ ਦੀ ਯੋਜਨਾ ਉੱਤੇ ਮੁੱਖ ਮੰਤਰੀ ਨੇ ਸਖ਼ਤ ਪ੍ਰਤੀਕਿਰਿਆ ਦੇਂਦਿਆਂ ਕਿਹਾ ਕਿ ਕਰਤਾਰਪੁਰ ਲਾਂਘਾ ਖੋਲ੍ਹਣ ਦਾ ਫੈਸਲਾ ਪਾਕਿਸਤਾਨ ਵੱਲੋਂ ਐੱਸ ਐੱਫ ਜੇ ਸਮੇਤ ਭਾਰਤ ਵਿਰੋਧੀ ਤਾਕਤਾਂ ਦੀ ਮਦਦ ਕਰਦੀ ਆਈ ਐੱਸ ਆਈ ਦੀ ਸਾਜ਼ਿਸ਼ ਜ਼ਾਹਰ ਕਰਦਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਸਾਫ ਹੈ ਕਿ ਓਥੇ ਫ਼ੌਜ ਦੇ ਇਸ਼ਾਰੇ 'ਤੇ ਹਮੇਸ਼ਾ ਵਾਂਗ ਪਾਕਿਸਤਾਨ ਸਰਕਾਰ ਅੱਜ ਵੀ ਕਠਪੁਤਲੀ ਵਾਂਗ ਨੱਚ ਰਹੀ ਹੈ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਸਿੱਖ ਭਾਈਚਾਰੇ ਦੀ ਚਿਰੋਕਣੀ ਮੰਗ ਦੀ ਪੂਰਤੀ ਲਈ ਕਰਤਾਰਪੁਰ ਲਾਂਘਾ ਖੋਲ੍ਹਣ ਦੇ ਉਹ ਪੂਰੀ ਤਰ੍ਹਾਂ ਹੱਕ ਵਿੱਚ ਹਨ, ਪਰ ਇਸ ਦੀ ਦੁਰਵਰਤੋਂ ਦਾ ਵਿਰੋਧ ਕਰਦੇ ਹਨ। ਉਨ੍ਹਾਂ ਕਿਹਾ ਕਿ ਜੇ ਪਾਕਿਸਤਾਨੀ ਪ੍ਰਧਾਨ ਮੰਤਰੀ ਇਮਰਾਨ ਖਾਨ ਸੱਚੇ ਦਿਲੋਂ ਇਸ ਲਾਂਘੇ ਨਾਲ ਭਾਰਤ ਨਾਲ ਅਮਨ ਦਰਵਾਜ਼ੇ ਖੋਲ੍ਹਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਐੱਸ ਐੱਫ ਜੇ ਦੇ ਬਿਆਨ ਦੀ ਨਿੰਦਾ ਕਰਨੀ ਚਾਹੀਦੀ ਤੇ ਇਹ ਯਕੀਨੀ ਕਰਨਾ ਚਾਹੀਦਾ ਹੈ ਕਿ ਭਾਰਤ ਵਿਰੋਧੀ ਵੱਖਵਾਦੀ ਤਾਕਤ ਆਪਣੀ ਮੁਹਿੰਮ ਚਲਾਉਣ ਲਈ ਉਸ ਦੇਸ਼ ਦੀ ਧਰਤੀ ਦੀ ਵਰਤੋਂ ਨਾ ਕਰੇ। ਉਨ੍ਹਾਂ ਨੇ ਇਮਰਾਨ ਖਾਨ ਨੂੰ 'ਕਰਤਾਰਪੁਰ ਸਾਹਿਬ ਕਨਵੈਨਸ਼ਨ-2019' ਹੋਣ ਤੋਂ ਵੀ ਰੋਕਣ ਲਈ ਕਿਹਾ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਪਾਕਿਸਤਾਨ ਨੂੰ ਚਾਹੀਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਪਵਿੱਤਰ ਮੌਕੇ ਨੂੰ ਭਾਰਤ ਵਿਰੋਧੀ ਤਾਕਤਾਂ ਵੱਲੋਂ ਵਰਤੋਂ ਕਰਨ ਦੀ ਖੁੱਲ੍ਹ ਦਿੱਤੇ ਬਿਨਾਂ ਦੋਵਾਂ ਦੇਸ਼ਾਂ ਵਿਚਾਲੇ ਸੱਚੀ ਭਾਵਨਾ ਨਾਲ ਅਮਨ ਦਾ ਪੁਲ ਮੰਨਣ ਵੱਲ ਵਧੇ। ਉਨ੍ਹਾਂ ਨੇ ਫਿਰ ਕਰਤਾਰਪੁਰ ਲਾਂਘੇ ਨੂੰ ਦੋ ਦੇਸ਼ਾਂ ਦੇ ਵਖਰੇਵੇਂ ਮਿਟਾਉਣ ਦਾ ਮਹਾਨ ਮੌਕਾ ਦੱਸ ਕੇ ਇਸ ਦੀ ਸ਼ਲਾਘਾ ਕੀਤੀ, ਪਰ ਆਪਣਾ ਸਟੈਂਡ ਦੁਹਰਾ ਕੇ ਕਿਹਾ ਕਿ ਇਹ ਸਭ ਪਾਕਿਸਤਾਨੀ ਫ਼ੌਜ ਦੀ ਵੱਡੀ ਸਾਜ਼ਿਸ਼ ਦਾ ਹਿੱਸਾ ਹੈ ਜੋ ਪੰਜਾਬ ਵਿੱਚ ਖਾੜਕੂਵਾਦ ਨੂੰ ਫਿਰ ਸੁਰਜੀਤ ਕਰਨਾ ਚਾਹੁੰਦੀ ਹੈ।

# ਕਰਜ਼ਾ ਮੁਆਫੀ ਲਈ ਕਾਂਗਰਸੀ ਸਰਕਾਰਾਂ ਦੇ ਐਲਾਨਾਂ ਦੇ ਬਾਅਦ ਭਾਜਪਾ ਵੀ ਏਸੇ ਰਾਹ ਪਈ

* ਗੁਜਰਾਤ ਸਰਕਾਰ ਵੱਲੋਂ 6 ਲੱਖ ਤੋਂ ਵੱਧ ਘਰਾਂ ਦੇ ਬਿਜਲੀ ਬਿੱਲ ਮੁਆਫ
* ਆਸਾਮ ਸਰਕਾਰ ਨੇ ਕਿਸਾਨਾਂ ਦਾ 25,000 ਤਕ ਕਰਜ਼ਾ ਮੁਆਫ ਕੀਤਾ

ਅਹਿਮਦਾਬਾਦ, 18 ਦਸੰਬਰ, (ਪੋਸਟ ਬਿਊਰੋ)- ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਦੀਆਂ ਕਾਂਗਰਸੀ ਸਰਕਾਰਾਂ ਵੱਲੋਂ ਕਿਸਾਨਾਂ ਦੇ ਕਰਜ਼ੇ ਖੜੇ ਪੈਰ ਮੁਆਫ ਕਰ ਦੇਣ ਪਿੱਛੋਂ ਗੁਜਰਾਤ ਵਿੱਚ ਭਾਜਪਾ ਸਰਕਾਰ ਨੂੰ ਵੀ ਕਿਸਾਨਾਂ ਦਾ ਹੇਜ ਜਾਗਿਆ ਤੇ ਉਸ ਨੇ ਕਿਸਾਨੀ ਕਰਜ਼ਾ ਮੁਆਫ ਕਰਨ ਦੀ ਥਾਂ ਬਿਜਲੀ ਬਿੱਲਾਂ ਦੇ ਕਿਸਾਨਾਂ ਦੇ ਕਰੀਬ 650 ਕਰੋੜ ਰੁਪਏ ਮੁਆਫ ਕਰ ਦਿੱਤੇ ਹਨ। ਇਸ ਫੈਸਲੇ ਨਾਲ ਕਰੀਬ 6 ਲੱਖ 22 ਹਜ਼ਾਰ ਗਾਹਕਾਂ ਦੇ ਬਿੱਲ ਮੁਆਫ ਹੋਣਗੇ ਤੇ ਰਾਜ ਸਰਕਾਰ ਬਿਜਲੀ ਬਿੱਲ ਨਾ ਭਰਨ ਕਰਨ ਵਾਲੇ ਕਿਸਾਨਾਂ ਦੇ ਕੱਟੇ ਕੁਨੈਕਸ਼ਨ ਵੀ ਫਿਰ ਚਾਲੂ ਕਰ ਦੇਵੇਗੀ। ਇਹ ਫੈਸਲਾ ਪੇਂਡੂ ਇਲਾਕਿਆਂ ਤਕ ਸੀਮਤ ਰਹੇਗਾ, ਸ਼ਹਿਰਾਂ ਵਿੱਚ ਲਾਗੂ ਨਹੀਂ ਹੋਵੇਗਾ।

ਮਿਲੀ ਜਾਣਕਾਰੀ ਅਨੁਸਾਰ ਗੁਜਰਾਤ ਸਰਕਾਰ ਦੇ ਊਰਜਾ ਮੰਤਰਾਲੇ ਦੀਆਂ ਫਾਈਲਾਂ ਵਿੱਚ ਪੇਂਡੂ ਇਲਾਕਿਆਂ ਵਿੱਚ ਰਹਿੰਦੇ 6 ਲੱਖ 22 ਹਜ਼ਾਰ ਪਰਿਵਾਰਾਂ ਉੱਤੇ ਕਰੀਬ 650 ਕਰੋੜ ਰੁਪਏ ਬਿਜਲੀ ਬਿਲ ਬਾਕੀ ਸੀ, ਜਿਸ ਨੂੰ ਸਰਕਾਰ ਨੇ ਮੁਆਫ ਕਰ ਦਿੱਤਾ ਹੈ। ਇਨ੍ਹਾਂ 'ਚ ਜ਼ਿਆਦਾਤਰ ਕਿਸਾਨ ਅਤੇ ਪਸ਼ੂ ਪਾਲਣ ਵਾਲੇ ਪਰਿਵਾਰ ਸ਼ਾਮਲ ਹਨ। ਪੇਂਡੂ ਇਲਾਕਿਆਂ ਦੇ ਇਨ੍ਹਾਂ ਪਰਵਾਰਾਂ ਨੂੰ ਇਹ ਸਹੂਲਤ ਦੇਣ ਦਾ ਲਾਭ ਅਗਲੀਆਂ ਲੋਕ ਸਭਾ ਚੋਣਾਂ 'ਚ ਮਿਲ ਸਕਦਾ ਹੈ।

ਦੂਸਰੇ ਪਾਸੇ ਆਸਾਮ ਦੀ ਭਾਜਪਾ ਸਰਕਾਰ ਨੇ 600 ਕਰੋੜ ਰੁਪਏ ਦੇ ਖੇਤੀ ਕਰਜ਼ੇ ਮੁਆਫ ਕਰਨ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਸ ਨਾਲ ਇਸ ਰਾਜ ਦੇ 8 ਲੱਖ ਕਿਸਾਨਾਂ ਨੂੰ ਲਾਭ ਮਿਲੇਗਾ। ਰਾਜ ਸਰਕਾਰ ਦੇ ਬੁਲਾਰੇ ਅਤੇ ਪਾਰਲੀਮੈਂਟਰੀ ਮਾਮਲਿਆਂ ਦੇ ਮੰਤਰੀ ਚੰਦਰ ਮੋਹਨ ਪਟਵਾਰੀ ਨੇ ਕਿਹਾ ਕਿ ਯੋਜਨਾ ਹੇਠ ਸਰਕਾਰ ਕਿਸਾਨਾਂ ਦੇ 25 ਫੀਸਦੀ ਤਕ ਕਰਜ਼ਾ ਖਤਮ ਕਰੇਗੀ। ਇਸ ਦੀ ਵੱਧ ਤੋਂ ਵੱਧ ਸੀਮਾ 25,000 ਰੁਪਏ ਹੈ। ਇਸ ਮੁਆਫੀ 'ਚ ਹਰ ਕਿਸਮ ਦੇ ਖੇਤੀਬਾੜੀ ਨਾਲ ਸਬੰਧਿਤ ਕਰਜ਼ੇ ਸ਼ਾਮਲ ਹਨ। ਉਨ੍ਹਾਂ ਨੇ ਦੱਸਿਆ ਕਿ ਰਾਜ ਸਰਕਾਰ ਨੇ ਵਿਆਜ ਰਾਹਤ ਯੋਜਨਾ ਵੀ ਮਨਜ਼ੂਰ ਕਰ ਲਈ ਹੈ, ਜਿਸ ਨਾਲ ਕਰੀਬ 19 ਲੱਖ ਕਿਸਾਨ ਅਗਲੇ ਵਿੱਤ ਸਾਲ ਤੋਂ ਜ਼ੀਰੋ ਵਿਆਜ ਉੱਤੇ ਕਰਜ਼ਾ ਲੈ ਸਕਣਗੇ। ਬੁਲਾਰੇ ਨੇ ਕਿਹਾ, 'ਕਰਜ਼ਾ ਰਾਹਤ ਯੋਜਨਾ ਹੇਠ ਕਿਸਾਨਾਂ ਦੇ ਅੱਜ ਤਕ ਦੇ ਕਰਜ਼ੇ ਦਾ 25 ਫੀਸਦੀ ਮੁਆਫ ਕੀਤਾ ਜਾਵੇਗਾ ਅਤੇ ਵੱਧ ਤੋਂ ਵੱਧ ਲਾਭ 25,000 ਰੁਪਏ ਤਕ ਹੈ। ਮੰਤਰੀ ਮੰਡਲ ਨੇ ਕਿਸਾਨਾਂ ਨੂੰ ਕ੍ਰੈਡਿਟ ਕਾਰਡ ਨਾਲ ਕਰਜ਼ਾ ਲੈਣ ਨੂੰ ਉਤਸ਼ਾਹਿਤ ਕਰਨ ਵਾਸਤੇ ਇਸ ਦੀ 10,000 ਰੁਪਏ ਤਕ ਸਬਸਿਡੀ ਨੂੰ ਮਨਜ਼ੂਰ ਕੀਤੀ ਹੈ। ਇਸ ਮੌਕੇ ਇਸ ਰਾਜ ਦੇ ਆਜ਼ਾਦੀ ਘੁਲਾਟੀਆਂ ਲਈ ਪੈਨਸ਼ਨ ਵੀ 20,000 ਰੁਪਏ ਤੋਂ ਵਧਾ ਕੇ 21,000 ਰੁਪਏ ਕਰਨ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ।

# ਵਿਜੀਲੈਂਸ ਨੂੰ ਦਿਆਲ ਸਿੰਘ ਕੋਲਿਆਂਵਾਲੀ ਦੀ ਕੋਠੀ ਦੀ ਜਾਂਚ ਲਈ ਆਗਿਆ ਮਿਲੀ

ਐਸ ਏ ਐਸ ਨਗਰ (ਮੁਹਾਲੀ), 18 ਦਸੰਬਰ, (ਪੋਸਟ ਬਿਊਰੋ)- ਪਿਛਲੀ ਅਕਾਲੀ-ਭਾਜਪਾ ਸਰਕਾਰ ਦੇ ਦੌਰਾਨ ਕੀਤੇ ਗਏ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਫਸੇ ਹੋਏ ਅਕਾਲੀ ਆਗੂ ਦਿਆਲ ਸਿੰਘ ਕੋਲਿਆਂਵਾਲੀ ਤਿੰਨ ਦਿਨਾ ਪੁਲੀਸ ਰਿਮਾਂਡ 'ਤੇ ਚੱਲ ਰਹੇ ਹਨ। ਵਿਜੀਲੈਂਸ ਟੀਮ ਨੂੰ ਦਿਆਲ ਸਿੰਘ ਦੀ ਪਿੰਡ ਕੋਲਿਆਂਵਾਲ ਦੀ ਮਹਿਲ ਨੁਮਾ ਕੋਠੀ ਦੀਆਂ ਕੰਧਾਂ ਅਤੇ ਹੋਰ ਉਸਾਰੀ ਵਿੱਚ ਲੱਗੀਆਂ ਇੱਟਾਂ ਅਤੇ ਮਟੀਰੀਅਲ ਦੀ ਜਾਂਚ ਦੀ ਖੁੱਲ੍ਹ ਵੀ ਮਿਲ ਗਈ ਹੈ।

ਵਿਜੀਲੈਂਸ ਬਿਊਰੋ ਨੇ ਅੱਜ ਦੇਰ ਸ਼ਾਮ ਜਦੋਂ ਦਿਆਲ ਸਿੰਘ ਕੋਲਿਆਂਵਾਲੀ ਨੂੰ ਮੁਹਾਲੀ ਅਦਾਲਤ ਵਿੱਚ ਪੇਸ਼ ਕਰਨ ਨੂੰ ਲਿਆਂਦਾ ਤਾਂ ਅਦਾਲਤ ਵਿੱਚ ਛੁੱਟੀ ਹੋ ਚੁੱਕੀ ਸੀ। ਫਿਰ ਉਸ ਨੂੰ ਡਿਊਟੀ ਮੈਜਿਸਟਰੇਟ ਕੋਲ ਪੇਸ਼ ਕੀਤਾ ਗਿਆ। ਇਸ ਮੌਕੇ ਵਿਜੀਲੈਂਸ ਅਧਿਕਾਰੀਆਂ ਨੇ ਅਰਜ਼ੀ ਦੇ ਕੇ ਅਕਾਲੀ ਆਗੂ ਦੀ ਪਿੰਡ ਕੋਲਿਆਂਵਾਲੀ ਵਿਚਲੀ ਮਹਿਲ ਨੁਮਾ ਆਲੀਸ਼ਾਨ ਕੋਠੀ ਦੀ ਪੈਮਾਇਸ਼ ਕਰਨ ਦੀ ਆਗਿਆ ਮੰਗੀ। ਜਾਂਚ ਅਧਿਕਾਰੀ ਨੇ ਅਦਾਲਤ ਨੂੰ ਦੱਸਿਆ ਕਿ ਦਿਆਲ ਸਿੰਘ ਦੇ ਵਿਰੁੱਧ ਪਹਿਲੀ ਜੁਲਾਈ ਨੂੰ ਆਮਦਨ ਦੇ ਸੋਮਿਆਂ ਤੋਂ ਵੱਧ ਜਾਇਦਾਦ ਬਣਾਉਣ ਦੇ ਦੋਸ਼ਾਂ ਹੇਠ ਕੇਸ ਦਰਜ ਹੋਇਆ ਸੀ। ਸਾਲ 2009 ਤੋਂ 2014 ਦੌਰਾਨ ਦਿਆਲ ਸਿੰਘ ਦੇ ਵੱਖ ਵੱਖ ਸਰਕਾਰੀ ਅਹੁਦਿਆਂ ਉਤੇ ਹੁੰਦੇ ਸਮੇਂ ਜਾਇਦਾਦ ਬਣਾਉਣ ਦੀ ਪੜਤਾਲ ਦੌਰਾਨ ਵਿਜੀਲੈਂਸ ਨੂੰ ਪਤਾ ਲੱਗਾ ਕਿ ਦੋਸ਼ੀ ਨੇ ਆਪਣੇ ਵਸੀਲਿਆਂ ਤੋਂ ਪ੍ਰਾਪਤ ਕੁੱਲ ਆਮਦਨ ਨਾਲੋਂ 1.71 ਕਰੋੜ ਰੁਪਏ ਵੱਧ ਖਰਚਾ ਕੀਤਾ ਹੈ, ਜੋ ਉਸ ਦੀ ਅਸਲ ਆਮਦਨ ਤੋਂ ਕਰੀਬ 71 ਫੀਸਦੀ ਵੱਧ ਹੈ। ਉਸ ਨੇ ਪਿੰਡ ਕੋਲਿਆਂਵਾਲੀ ਵਿੱਚ ਮਹਿਲ ਨੁਮਾ ਕੋਠੀ ਬਣਾਈ ਹੋਈ ਹੈ, ਜਿਸ ਦੀ ਜਾਂਚ ਕੀਤੀ ਜਾਣੀ ਹੈ। ਅਦਾਲਤ ਨੇ ਵਿਜੀਲੈਂਸ ਦੀਆਂ ਦਲੀਲਾਂ ਮੰਨ ਕੇ ਦੀ ਕੋਲਿਆਂਵਾਲੀ ਦੀ ਰਿਹਾਇਸ਼ ਦੀ ਪੈਮਾਇਸ਼ ਕਰਨ ਦੀ ਆਗਿਆ ਦੇ ਦਿੱਤੀ।

# ਸ਼ਰਾਬ ਪੀ ਕੇ ਗੱਡੀ ਚਲਾਉਣ ਵਾਲਿਆਂ ਸਬੰਧੀ ਨਵੇਂ ਨਿਯਮ

...ਪੰਨਾ 1 ਦਾ ਬਾਕੀ

ਕਾਨੂੰਨ ਅਨੁਸਾਰ ਪੁਲਿਸ ਅਧਿਕਾਰੀ ਜਦੋਂ ਕਿਸੇ ਡਰਾਈਵਰ ਨੂੰ ਰੋਕਣਗੇ ਤਾਂ ਉਹ ਉਸ ਨੂੰ ਸਾਹ ਦਾ ਸੈਂਪਲ ਦੇਣ ਲਈ ਆਖ ਸਕਦੇ ਹਨ। ਇਸ ਤੋਂ ਪਹਿਲਾਂ ਇਹ ਨਿਯਮ ਸੀ ਕਿ ਪੁਲਿਸ ਉਸੇ ਆਧਾਰ ਉੱਤੇ ਕਿਸੇ ਵਿਅਕਤੀ ਨੂੰ ਰੋਕ ਕੇ ਉਸ ਦੀ ਜਾਂਚ ਕਰ ਸਕਦੀ ਸੀ ਜੇ ਉਨ੍ਹਾਂ ਨੂੰ ਸ਼ੱਕ ਹੁੰਦਾ ਕਿ ਸਬੰਧਤ ਵਿਅਕਤੀ ਸ਼ਰਾਬ ਪੀ ਰਿਹਾ ਸੀ। ਇਸ ਤਰ੍ਹਾਂ ਦਾ ਸਿਸਟਮ 40 ਤੋਂ ਵੀ ਵੱਧ ਦੇਸ਼ਾਂ ਵਿਚ ਕਾਇਮ ਹੈ। ਟੋਰਾਂਟੋ ਸਥਿਤ ਵਕੀਲ ਮਾਈਕਲ ਏਂਜਲ ਨੇ ਆਖਿਆ ਕਿ ਨਵੇਂ ਨਿਯਮ ਵੱਡੀ ਤਬਦੀਲੀ ਹਨ ਤੇ ਇਨ੍ਹਾਂ ਨਾਲ ਖਾਹਮਖਾਹ ਦੀਆਂ ਤਲਾਸ਼ੀਆਂ ਵੱਧ ਜਾਣਗੀਆਂ।

# 8 ਸਾਲ ਤੱਕ ਬੱਚੇ ਸਾਂਤਾ ਕਲਾਜ ਉੱਤੇ ਵਿਸ਼ਵਾਸ ਕਰਨਾ ਬੰਦ ਕਰ ਦਿੰਦੇ ਨੇ

ਲੰਡਨ, 18 ਦਸੰਬਰ (ਪੋਸਟ ਬਿਊਰੋ)- ਪੂਰੀ ਦੁਨੀਆ ਵਿੱਚ ਬੱਚੇ ਅੱਠ ਸਾਲ ਦੀ ਉਮਰ ਦੇ ਨੇੜੇ ਸਾਂਤਾ ਕਲਾਜ ਵਿੱਚ ਵਿਸ਼ਵਾਸ ਕਰਨਾ ਬੰਦ ਕਰ ਦਿੰਦੇ ਹਨ। ਇਹ ਗੱਲ ਇੱਕ ਅੰਤਰਰਾਸ਼ਟਰੀ ਸਰਵੇਖਣ ਵਿੱਚ ਪਤਾ ਲੱਗੀ ਹੈ, ਜਿਸ ਵਿੱਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਕਰੀਬ 34 ਫੀਸਦੀ ਅੱਲ੍ਹੜ ਚਾਹੁੰਦੇ ਹਨ ਕਿ ਉਹ ਅਜੇ ਵੀ ਫਾਦਰ ਕ੍ਰਿਸਮਸ ਵਿੱਚ ਭਰੋਸਾ ਕਰਨ। ਇਸ ਸਰਵੇਖਣ ਵਿੱਚ ਇਹ ਵੀ ਪਤਾ ਲੱਗਾ ਹੈ ਕਿ ਸਾਂਤਾ ਕਲਾਜ ਵਿੱਚ ਕਈ ਬੱਚੇ ਭਰੋਸਾ ਨਹੀਂ ਕਰਦੇ, ਪਰੰਤੂ ਕਈ ਅਜਿਹੇ ਯੁਵਾ ਵੀ ਹਨ, ਜੋ ਇਹ ਦਿਖਾਵਾ ਕਰਦੇ ਹਨ ਕਿ ਉਹ ਸਾਂਤਾ ਕਲਾਜ ਵਿੱਚ ਯਕੀਨ ਕਰਦੇ ਹਨ, ਜਦ ਕਿ ਉਨ੍ਹਾਂ ਨੂੰ ਪਤਾ ਹੈ ਕਿ ਉਸ ਦਾ ਕੋਈ ਹੋਂਦ ਨਹੀਂ ਹੈ। ਬ੍ਰਿਟੇਨ ਦੀ ਯੂਨੀਵਰਸਿਟੀ ਆਫ ਐਕਸੈਟਰ ਵਿੱਚ ਮਨੋਵਿਗਿਆਨ ਦੇ ਪ੍ਰੋਫੈਸਰ ਕ੍ਰਿਸ ਬੋਇਲ ਨੇ ਸੰਸਾਰ ਭਰ ਵਿੱਚ ਲੋਕਾਂ ਤੋਂ ਪੁੱਛਿਆ ਕਿ ਉਹ ਉਨ੍ਹਾਂ ਨੂੰ ਦੱਸਣ ਕਿ ਉਨ੍ਹਾਂ ਨੇ ਸਾਂਤਾ ਦੇ ਬਾਰੇ ਆਪਣਾ ਮਨ ਕਿਵੇਂ ਬਦਲਿਆ ਅਤੇ ਇਹ ਪਤਾ ਲੱਗਣ ਉੱਤੇ ਕੀ ਉਨ੍ਹਾਂ ਦਾ ਆਪਣੇ ਮਾਪਿਆਂ 'ਤੇ ਭਰੋਸਾ ਪ੍ਰਭਾਵਤ ਹੋਇਆ ਕਿ ਸਾਂਤਾ ਜਿਹੋ ਜਿਹੇ ਦਿਸਦੇ ਹਨ, ਉਹੋ ਜਿਹੇ ਹੈ ਨਹੀਂ। ਬੋਇਲ ਨੂੰ 'ਦਿ ਐਕਸੈਟਰ ਸਾਂਤਾ ਸਰਵੇ' ਉੱਤੇ ਪੂਰੇ ਵਿਸ਼ਵ ਤੋਂ 1200 ਜਵਾਬ ਮਿਲੇ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ 34 ਫੀਸਦੀ ਲੋਕ ਚਾਹੁੰਦੇ ਹਨ ਕਿ ਉਹ ਅਜੇ ਵੀ ਸ਼ਾਂਤਾ ਕਲਾਜ ਦਾ ਭਰੋਸਾ ਕਰਨ, ਪਰ ਪੰਜਾਹ ਫੀਸਦੀ ਇਸਗੱਲ ਨੂੰ ਲੈ ਕੇ ਕਾਫੀ ਅਸੰਤੁਸ਼ਟ ਹਨ ਕਿ ਉਨ੍ਹਾਂ ਦਾ ਇਸ ਵਿੱਚ ਭਰੋਸਾ ਨਹੀਂ ਹੈ।


ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family



MacroGlobal Immigration Services Ltd.
Seema Bhayana
iccrc
Ph: 905 452.0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



"Quality is our strength."

SKYDOME GROUP OF COMPANIES
WE DEAL WITH ALL INSURANCE COMPANIES
MINISTRY APPROVED SALVAGE INSPECTION STATION
Body Centre
Specializing in:
- Collision
- Custom Painting
- Mechanical Service
- Frame & Unibody Repair
- Insurance Claims Welcome
Inderjit Singh Lic. Auto Body Technician/Lic. Mec.



Daljit Singh
President
308 Rutherford Road Brampton
905-874-9878

Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton. Tel: 905-460-1414
HEAD OFFICE: 905-874-9878
Toll Free: 1-877-799-9878, www.skydomeauto.ca



Paramjit Deol
Broker
CELL: 416-993-7378
7071 Airport Rd, Suit 201, Mississauga, ON



1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

Business for Sale

TORONTO $99,000
Photo Not Available
2481 Lakeshore Blvd W.: ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰਾਂਟ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,600 ਅਤੇ ਸੇਲ $7,000 ਪ੍ਰਤੀ ਹਫ਼ਤਾ,ਕਈ ਸਾਲਾਂ ਤੋ ਚਲ ਰਿਹਾ, ਵਧੀਆ ਪਲਾਜ਼ੇ ਚ ਤੇ ਹੋਰ ਵੀ ਬਹੁਤ ਕੁਝ।

HALTON HILLS $179,000

148 Guelph St : ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਬ੍ਰੈਂਡਡ ਪਿਜ਼ਾ ਸ਼ਾਪ ਜੋਰਜ ਟਾਉਨ ਵਿੱਚ, ਸਕੂਲ ਦੇ ਨੇੜੇ, ਬਹੁਤ ਹੀ ਘੱਟ ਰੈਂਟ ਸਿਰਫ $2,978, ਤੇ ਹੋਰ ਵੀ ਬਹੁਤ ਕੁਝ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $199,000

545 Steeles Ave W : ਬਹੁਤ ਹੀ ਵਧੀਆ ਚੱਲ ਰਿਹਾ ਰੈਸਟੋਰੈਂਟ, ਸ਼ਵਰਮਾ ਹਾਉਸ ਸੇਲ ਤੇ, ਵਧੀਆ ਲੋਕੇਸ਼ਨ, ਹਾਈ ਟ੍ਰੈਫਿਕ ਫਲੌਂ, ਸ਼ੇਰਿਡਨ ਕਾਲਜ ਦੇ ਨੇੜੇ, 2009 ਤੋਂ ਚਲ ਰਿਹਾ ਬਹੁਤ ਹੀ ਘੱਟ ਰੈਂਟ, $2,500 ਤੇ ਸੇਲ $30,00 ਪ੍ਰਤੀ ਮਹੀਨਾ। ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $54,900

255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਐਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ

BRAMPTON $199,000
Photo Not Available
8770 Gore Rd 6: ਬਹੁਤ ਹੀ ਵਧੀਆ ਚਲ ਰਿਹਾ ਸ੍ਰੀ ਲਨਕਣ ਤੇ ਇੰਡੀਅਣ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $30000 ਤੋਂ ਵੱਧ ਸੇਲ, ਬਹੁਤ ਹੀ ਘੱਟ ਰੈਂਟ ਸਿਰਫ $3575/ਮਹੀਨਾ। ਹਾਈ ਟਰੇਫਿਕ ਫਲੌਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

MISSISSAUGA $229,000

2960 Drew Rd E 137: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ $50,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $3051, ਹਾਈ ਟਰੇਫਿਕ ਫਲੌਂ, ਅੱਜ ਹੀ ਕਾਲ ਕਰੋ।

BRAMPTON $240,000
Photo Not Available
15 Ashby Field Rd 9: ਲੰਘ ਗਿਆ ਸਮਾਂ ਹੱਥ ਨਹੀ ਆਉਣਾ, ਬਹੁਤ ਹੀ ਵਧੀਆ ਚੱਲ ਰਹੀ ਪਿਜ਼ਾ ਸ਼ਾਪ, ਹਾਈ ਟ੍ਰੈਫਿਕ ਫਲੌਂ, ਘਰਾਂ ਦੇ ਨੇੜੇ, ਅੱਜ ਹੀ ਕਾਲ ਕਰੋ।

BRAMPTON $369,000

15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।

House for Sale

BRANTFORD $525,000

118&120 Morrell St: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਅਪਾਰਟਮੈਂਟ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

WOODSTOCK $599,900

703 Spitfire St: ਬਰੈਂਟਫੋਰਡ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 4+2 ਬੈਡਰੂਮ ਅਤੇ 4 ਵਾਸ਼ਰੂਮ ਘਰ। ਮਾਡਰਨ ਕਿਚਨ, ਮਾਸਟਰ ਬੈਡਰੂਮ ਨੂੰ 5 ਪਿਸ ਇੰਸੂਟ, ਸਟੇਨਲੈਸ ਸਟੀਲ ਅਪਲਾਂਇੰਸਸ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $699,900

3328 Victoria Ave.: ਬਹੁਤ ਹੀ ਵਧੀਆ ਤੇ ਸਾਫ ਸੁਥਰਾ 3+1 ਬੈਡਰੂਮ ਅਤੇ 3 ਵਾਸ਼ਰੂਮ ਘਰ, ਹਾਰਡਵੂਡ ਫਲੌਰ, ਫਿਨੀਸ਼ਡ ਬੈਸਮੈਂਟ, ਸੇਪਰੇਟ ਕਿਚਨ ਅਤੇ ਹੋਰ ਵੀ ਬਹੁਤ ਕੁਝ।

BRAMPTON $789,000

29 Larkspur Rd.: ਬਹੁਤ ਹੀ ਸੋਹਣਾ 3+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ,ਮਾਸਟਰ ਬੈਡਰੂਮ ਨੂੰ 5 ਪਿਸ ਇੰਨ ਸੂਟ, ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।

BRAMPTON $179,000
Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਿਕ ਫਲੌਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੌਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

TORONTO $899,000

Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜ਼ਰੂਰ ਦੇਖੋ !!

BRAMPTON $910,000
Photo Not Available
18 Berwick Ave: ਬਹੁਤ ਹੀ ਸਾਫ ਸੁਥਰਾ 4+2 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਰੈਨੋਵੇਟਡ ਘਰ, ਹਾਰਡਵੂਡ ਫਲੌਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999

Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੌਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

# ਕਾਤਲ ਸੱਜਣ ਕੁਮਾਰ ਨੂੰ ਗ੍ਰਿਫਤਾਰ ਕਰਕੇ ਤੁਰੰਤ ਜ਼ੇਲ੍ਹ ਅੰਦਰ ਡੱਕਿਆ ਜਾਵੇ : ਭਾਈ ਸਰਵਣ ਸਿੰਘ ਅਗਵਾਨ

ਆਕਲੈਂਡ 18 ਦਸੰਬਰ (ਹਰਜਿੰਦਰ ਸਿੰਘ ਬਸਿਆਲਾ)-34 ਸਾਲਾਂ ਤੋਂ ਨਿਰਦੋਸ਼ ਸਿੱਖਾਂ ਦਾ ਆਜ਼ਾਦ ਘੁੰਮ ਰਿਹਾ ਕਾਤਿਲ ਸੱਜਣ ਕੁਮਾਰ ਸਰਕਾਰੀ ਅਮਲੇ ਦੀ ਵਰਤੋਂ ਕਰਦਾ ਕਾਂਗਰਸ ਪਾਰਟੀ ਦੀ ਸਿਆਸੀ ਛਾਂ ਹੇਠ ਆਪਣੀ ਚਮੜੀ ਬਚਾਈ ਫਿਰਦਾ ਸੀ, ਜਿਸ ਨੂੰ ਮਾਣਯੋਗ ਦਿੱਲੀ ਹਾਈਕੋਰਟ ਨੇ 5 ਨਿਰਦੋਸ਼ ਸਿੱਖਾਂ ਦਾ ਕਾਤਿਲ ਸਾਬਿਤ ਕਰਦਿਆਂ ਮੌਤ ਤੱਕ ਉਮਰ ਭਰ ਜ਼ੇਲ੍ਹ ਦੀ ਸਜ਼ਾ ਸੁਣਾਈ ਹੈ, ਭਾਰਤੀ ਨਿਆਂ ਵਿਭਾਗ ਦਾ ਲੰਬੀ ਦੇਰ ਬਾਅਦ ਆਇਆ ਇਹ ਫੈਸਲਾ ਤਾਂ ਚੰਗਾ ਹੈ, ਪਰ ਇਸ ਮਹਾਂਦੋਸ਼ੀ ਨੂੰ ਦੋ ਹਫਤਿਆਂ ਦੀ ਦਿੱਤੀ ਮੋਹਲਤ ਮਾੜੀ ਜਾਪਦੀ ਹੈ। ਇਸ ਵਿਅਕਤੀ ਨੇ ਜਿੰਨੇ ਵੱਡੇ ਹਜ਼ੂਮ ਨੂੰ ਭੜਕਾਇਆ ਹੋਵੇਗਾ ਉਸਦੇ ਨਤੀਜਨ ਪੰਜ ਨਹੀਂ ਸੈਂਕੜੇ ਸਿੱਖ ਉਸ ਵੇਲੇ ਮਾਰੇ ਗਏ ਹੋਣਗੇ ਜਿਨ੍ਹਾਂ ਦੀ ਪੜ੍ਹਤਾਲ ਕੀਤੀ ਜਾਣੀ ਵੀ ਬਣਦੀ ਸੀ।

ਇਨ੍ਹਾਂ ਦਰਦ ਭਰੇ ਜਜ਼ਬਿਆਂ ਦਾ ਪ੍ਰਗਟਾਵਾ ਸ਼ਹੀਦ ਭਾਈ ਸਤਵੰਤ ਸਿੰਘ ਦੇ ਛੋਟੇ ਭਰਾਤਾ ਭਾਈ ਸਰਵਣ ਸਿੰਘ ਅਗਵਾਨ ਨੇ ਕੀਤਾ। ਉਨ੍ਹਾਂ ਪੀੜ੍ਹਤ ਪਰਿਵਾਰਾਂ ਦੇ ਨਾਲ ਡੂੰਘੀ ਦਿਲੀ ਹਮਦਰਦੀ ਪ੍ਰਗਟ ਕਰਦਿਆਂ ਉਨ੍ਹਾਂ ਦੇ ਸਬਰ ਸੰਤੋਖ ਨੂੰ ਸਿਜਦਾ ਕੀਤਾ ਹੈ। ਬੀਬੀ ਜਗਦੀਸ਼ ਕੌਰ ਨੂੰ ਉਹ ਨਿੱਜੀ ਤੌਰ 'ਤੇ ਵੀ ਮਿਲੇ ਹਨ। ਥੋੜ ਚਿਰੇ ਦੁੱਖੜੇ ਤਾਂ ਵੰਡਾਏ ਜਾ ਸਕਦੇ ਹਨ ਪਰ ਦੁੱਖਾਂ ਦੀ ਪੰਡਾਂ ਨੂੰ 34 ਸਾਲਾਂ ਤੱਕ ਸਿਰ 'ਤੇ ਟਿਕਾਈ ਫਿਰਨਾ ਜਿਸ ਤਨ ਲੱਗੇ ਸੋ ਤਨ ਜਾਣੇ ਵਾਲੀ ਗੱਲ ਹੈ, ਜਿਸ ਦਾ ਅੰਦਾਜ਼ਾਂ ਸਾਧਾਰਨ ਵਿਅਕਤੀ ਨਹੀਂ ਲਾ ਸਕਦਾ। ਬੜੇ ਭਾਵੁਕ ਹੁੰਦਿਆਂ ਉਨੰਾਂ ਦੱਸਿਆ ਕਿ ਜਿਨ੍ਹਾਂ ਵੀ ਪਰਿਵਾਰਾਂ ਨੇ ਇਸ ਸਰਕਾਰੀ ਕਾਤਿਲ ਵਿਰੁੱਧ ਨਿਡਰ ਹੋ ਕੇ ਗਵਾਹੀਆਂ ਦਿੱਤੀਆਂ ਉਨ੍ਹਾਂ ਨੂੰ ਅਗਵਾਨ ਪਰਿਵਾਰ ਦਾ ਝੁਕ ਕੇ ਸਲਾਮ ਹੈ। 34 ਸਾਲਾਂ ਤੋਂ ਅਦਾਲਤੀ ਚੱਕਰਾਂ ਦੇ ਗੇੜ ਵਿਚ ਫਸੇ ਇਨ੍ਹਾਂ ਉਜੜੇ ਜਾਂ ਕਹਿ ਲਈਏ ਉਜਾੜੇ ਗਏ ਪਰਿਵਾਰਾਂ ਨੇ ਦੇਸ਼ ਦੀ ਇਕ ਜ਼ਿਲ੍ਹਾ ਅਦਾਲਤ ਨੂੰ ਵੀ ਝੂਠਾ ਸਾਬਿਤ ਕੀਤਾ ਹੈ ਜੋ ਕਿ ਵੱਡੇ ਸਵਾਲਾਂ ਨੂੰ ਜਨਮ ਦੇਣ ਵਾਲੀ ਗੱਲ ਹੈ। ਭਾਈ ਅਗਵਾਨ ਨੇ ਸੀ.ਬੀ.ਆਈ, ਸਾਰੇ ਵਕੀਲ ਸਾਹਿਬਾਨਾਂ ਅਤੇ ਚਟਾਨ ਵਾਂਗ ਖੜੇ ਰਹੇ ਸਮੁੱਚੇ ਗਵਾਹਾਂ ਦਾ ਵੀ ਧੰਨਵਾਦ ਕੀਤਾ ਹੈ ਜਿਨ੍ਹਾਂ ਨੇ ਨਾਨਾਵਤੀ ਕਮਿਸ਼ਨ ਰਿਪੋਰਟ ਨੂੰ ਦੁਬਾਰਾ



ਵਿਚਾਰਨ ਦੇ ਵਿਚ ਆਪਣਾ ਸਹਿਯੋਗ ਦਿੱਤਾ ਅਤੇ ਅੰਤ ਮਹਾਂ ਦੋਸ਼ੀ ਦੀ ਨਿਸ਼ਾਨਦੇਹੀ ਕਰਨ ਵਿਚ ਸਫਲਤਾ ਪਾਈ। ਸੱਜਣ ਕੁਮਾਰ ਦੀ ਮਾਨਸਿਕਤਾ ਬਾਰੇ ਉਨ੍ਹਾਂ ਆਪਣੇ ਵਿਚਾਰ ਪ੍ਰਗਟ ਕਰਦਿਆਂ ਦੱਸਦਿਆਂ ਕਿ 1984 ਵੇਲੇ ਇਹ ਕਾਂਗਰਸੀ ਸੱਜਣ ਕੁਮਾਰ ਉਮਰ ਦੇ ਹਿਸਾਬ ਨਾਲ 39 ਕੁ ਸਾਲਾਂ ਦਾ ਹੋਵੇਗਾ ਅਤੇ ਵੇਖਣ ਵਾਲੀ ਗੱਲ ਹੈ ਕਿ ਉਸ ਵੇਲੇ ਹੀ ਇਸ ਦੇ ਜ਼ਹਿਨ ਵਿਚ ਐਨੀ ਜ਼ਹਿਰ ਭਰੀ ਹੋਈ ਸੀ। ਇਹ ਜ਼ਹਿਰ ਉਸ ਅੰਦਰ ਅਗਲੇ 34 ਸਾਲ ਤੱਕ ਵੀ ਬਰਕਰਾਰ ਹੈ ਅਤੇ ਇਹ ਹੁਣ ਵੀ ਆਪਣੇ ਅੰਦਰ ਵਿਸ ਘੋਲ ਰਿਹਾ ਹੈ। ਨਿਆਂ ਵਿਭਾਗ ਦੇ ਕੋਲ ਹੁਣ ਮੌਕਾ ਹੈ ਇਸ ਜ਼ਹਿਰੀਲੇ ਸੱਪ ਨੂੰ ਤੁਰੰਤ ਗ੍ਰਿਫਤਾਰ ਕਰਕੇ ਅੰਦਰ ਡੱਕਣਾ ਚਾਹੀਦਾ ਹੈ। ਹੈਰਾਨੀ ਦੀ ਗੱਲ ਹੈ ਕਿ ਦਸਵੀਂ ਪੜ੍ਹੇ ਇਸ ਵਿਅਕਤੀ ਨੂੰ ਕਾਂਗਰਸ ਪਾਰਟੀ ਨੇ ਦੂਜੀ ਵਾਰ 1991 'ਚ ਅਤੇ ਤੀਜੀ ਵਾਰ 2004 ਦੇ ਵਿਚ ਮੈਂਬਰ ਪਾਰਲੀਮੈਂਟ ਬਣਾ ਕੇ ਸਿੱਖਾਂ ਦੇ ਅੱਲ੍ਹੇ ਜ਼ਖਮਾ 'ਤੇ ਹੋਰ ਲੂਣ ਛਿੜਕਿਆ। ਅੰਤ ਦੇ ਵਿਚ ਭਾਈ ਸਰਵਣ ਸਿੰਘ ਅਗਵਾਨ ਨੇ ਭਾਰਤੀ ਨਿਆਂ ਪ੍ਰਣਾਲੀ ਨੂੰ ਅਪੀਲ ਕੀਤੀ ਹੈ ਕਿ ਜੇਕਰ ਸੱਜਣ ਕੁਮਾਰ ਸੁਪਰੀਮ ਕੋਰਟ ਦੇ ਵਿਚ ਕੋਈ ਅਪੀਲ ਦਰਜ ਕਰਦਾ ਹੈ ਤਾਂ ਉਸਨੂੰ ਬਿਨਾਂ ਵਿਚਾਰੇ ਖਾਰਜ ਕੀਤਾ ਜਾਵੇ। ਉਨ੍ਹਾਂ ਦੇਸ਼-ਵਿਦੇਸ਼ ਵਸਦੇ ਸਿੱਖ ਭਾਈਚਾਰੇ ਅਤੇ ਕਾਨੂੰਨੀ ਮਾਹਿਰਾਂ ਨੂੰ ਵੀ ਅਪੀਲ ਕੀਤੀ ਹੈ ਕਿ ਏਕਤਾ ਦਾ ਸਬੂਤ ਦਿੰਦੇ ਹੋਏ ਇਸ ਦੋਸ਼ੀ ਨੂੰ ਸਲਾਖਾਂ ਦੇ ਪਿੱਛੇ ਜਲਦੀ ਤੋਂ ਜਲਦੀ ਕਰਨ ਲਈ ਸਰਕਾਰ ਉਤੇ ਦਬਾਅ ਬਣਾਇਆ ਜਾਵੇ ਨਹੀਂ ਤਾਂ ਇਹ ਵਿਅਕਤੀ ਆਪਣੇ ਬਚਣ ਲਈ ਕੋਈ ਨਾ ਕੋਈ ਹੋਰ ਰਾਹ ਲੱਭ ਲਵੇਗਾ।

# ਵਿਸ਼ਵ ਪੰਜਾਬੀ ਕਾਨਫਰੰਸ 2019 ਦੀ ਰਜਿਸਟਰੇਸ਼ਨ ਲਈ ਭਾਰੀ ਉਸਤਸ਼ਾਹ

ਟੋਰਾਂਟੋ : ਕਲਮ ਫਾਓਡੈਸ਼ਨ, ਅਜੀਤ ਵੀਕਲੀ, ਓਨਟਾਰੀਓ ਫਰੈਡਜ ਕਲੱਬ ਤੇ ਪੰਜਾਬੀ ਬਿਜਨਸ ਪ੍ਰੋਫੈਸ਼ਨਲ ਐਸੋਸੀਏਸ਼ਨ ਟੋਰਾਂਟੋ ਵਲੋਂ ਅਗਲੇ ਸਾਲ ਜੂਨ ਵਿਚ ਕਰਵਾਈ ਜਾ ਰਹੀ ਵਿਸ਼ਵ ਪੰਜਾਬੀ ਕਾਨਫਰੰਸ ਲਈ ਬੁੱਧੀਜੀਵੀ ਅਤੇ ਅਕੈਡਮਿਸ਼ਨਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਕਾਨਫਰੰਸ ਲਈ ਰਜਿਸਟਰੇਸ਼ਨ ਸ਼ੁਰੂ ਹੋ ਚੁੱਕੀ ਹੈ ਅਤੇ ਵੱਡੀ ਗਿਣਤੀ ਵਿਚ ਬੁੱਧੀਜੀਵੀਆਂ ਵਲੋਂ ਆਪਣੀ ਰਜਿਸਟਰੇਸ਼ਨ ਕੀਤੀ ਜਾ ਚੁੱਕੀ ਹੈ।

ਵਿਸ਼ਵ ਪੰਜਾਬੀ ਕਾਨਫਰੰਸ ਦੇ ਚੇਅਰਮੈਨ, ਅਜੈਬ ਸਿੰਘ ਚੱਠਾ ਨੇ ਦੱਸਿਆ ਕਿ 28, 29 ਅਤੇ 30 ਜੂਨ 2019 ਨੂੰ ਬਰੈਂਪਟਨ ਵਿਖੇ ਕਰਵਾਈ ਜਾ ਰਹੀ ਕਾਨਫਰੰਸ ਦੀ ਰਜਿਸਟਰੇਸ਼ਨ 1 ਦਸੰਬਰ ਤੋਂ ਸ਼ੁਰੂ ਹੋ ਚੁੱਕੀ ਹੈ ਅਤੇ 31 ਦਸੰਬਰ ਤੱਕ ਰਜਿਸਟਰੇਸ਼ਨ ਕੀਤੀ ਜਾ

## 31 ਦਸੰਬਰ ਤੱਕ ਚਲੇਗੀ ਰਜਿਸਟਰੇਸ਼ਨ

ਸਕਦੀ ਹੈ। ਉਨ੍ਹਾਂ ਨੇ ਦੱਸਿਆ ਕਿ 1 ਦਸੰਬਰ ਤੋਂ ਹੁਣ ਤੱਕ ਵੱਡੀ ਗਿਣਤੀ ਵਿਚ ਸਕੂਲਾਂ ਦੇ ਪ੍ਰਿੰਸੀਪਲਾਂ ਤੇ ਬੁੱਧੀਜੀਵੀਆਂ ਵਲੋਂ ਰਜਿਸਟਰੇਸ਼ਨ ਕੀਤੀ ਜਾ ਚੁੱਕੀ ਹੈ ਅਤੇ ਕਾਨਫਰੰਸ ਲਈ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਵਾਰ ਆਸ ਨਾਲੋਂ ਵੀ ਵੱਧ ਉਤਸ਼ਾਹ ਦੇਖਿਆ ਜਾ ਰਿਹਾ ਹੈ। ਰਜਿਸਟਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਨੇ ਦੱਸਿਆ ਕਿ ਕਾਨਫਰੰਸ ਦੀ

ਰਜਿਸਟਰੇਸ਼ਨ ਲਈ ਵੈਬਸਾਈਟ . 'ਤੇ ਜਾ ਕੇ ਰਜਿਸਟਰੇਸ਼ਨ ਕੀਤੀ ਜਾ ਸਕਦੀ ਹੈ। ਉਨ੍ਹਾਂ ਨੇ ਦੱਸਿਆ ਕਿ ਇਸ ਵਾਰ ਕਾਨਫਰੰਸ ਦਾ ਵਿਸ਼ਾ 'ਪੰਜਾਬੀਆਂ ਨੂੰ ਸੰਸਾਰ ਵਿਚ ਮੁਸ਼ਕਲਾਂ ਅਤੇ ਉਨ੍ਹਾਂ ਦੇ ਹੱਲ' ਰੱਖਿਆ ਗਿਆ ਹੈ।. ਅਜ਼ੈਬ ਸਿੰਘ ਚੱਠਾ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਨੇ ਇਸ ਵਾਰ ਫੈਸਲਾ ਕੀਤਾ ਹੈ ਕਿ ਇਸ ਵਾਰ ਦੀ ਕਾਨਫਰੰਸ ਵਿਚ ਕੇਵਲ ਉਨ੍ਹਾਂ ਸਖ਼ਸੀਅਤਾਂ ਨੂੰ ਹੀ ਬੁਲਾਇਆ ਜਾਵੇਗਾ, ਜਿਨ੍ਹਾਂ ਵਲੋਂ ਪਹਿਲਾਂ ਰਜਿਸਟਰੇਸ਼ਨ ਕੀਤੀ ਜਾਵੇਗੀ। ਉਨ੍ਹਾਂ ਨੇ ਦੱਸਿਆ ਕਿ ਪਰਚਿਆਂ ਦੀ ਚੋਣ

ਲਈ ਇਕ ਕਮੇਟੀ ਬਣਾਈ ਜਾਵੇਗੀ, ਜੋ ਸਾਰੇ ਪਰਚਿਆਂ ਦੀ ਚੋਣ ਕਰਕੇ ਕਾਨਫਰੰਸ ਵਿਚ ਪੜ੍ਹੇ ਜਾਣ ਵਾਲੇ ਖੋਜ ਪੱਤਰਾਂ ਦੇ ਲੇਖਕਾਂ ਨੂੰ ਸੱਦਾ ਪੱਤਰ ਭੇਜੇ ਜਾਣਗੇ। ਕਾਨਫਰੰਸ ਵਿਚ ਪੜ੍ਹੇ ਜਾਣ ਵਾਲੇ ਸਾਰੇ ਖੋਜ ਪੱਤਰਾਂ ਨੂੰ ਇਕ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਿਤ ਵੀ ਕੀਤਾ ਜਾਵੇਗਾ। ਉਨ੍ਹਾਂ ਨੇ ਦੱਸਿਆ ਕਿ ਜੋ ਲੇਖਕ ਜਾਂ ਡੈਲੀਗੇਟ 31 ਦਸੰਬਰ ਤੱਕ ਰਜਿਸਟਰੇਸ਼ਨ ਨਾ ਕਰਵਾ ਸਕੇ, ਬਾਅਦ ਵਿਚ ਉਨ੍ਹਾਂ ਨੂੰ ਕਿਸੇ ਵੀ ਹਾਲਤ ਵਿਚ ਸੱਦਾ ਪੱਤਰ ਭੇਜਣੇ ਅਸੰਭਵ ਹੋਣਗੇ। ਉਨ੍ਹਾਂ ਨੇ ਅਪੀਲ ਕੀਤੀ ਕਿ ਜੋ ਵੀ ਸਖਸ਼ੀਅਤਾਂ ਇਸ ਕਾਨਫਰੰਸ ਵਿਚ ਖੋਜ ਪੱਤਰ ਪੜ੍ਹਨਾ ਚਾਹੁੰਦੀਆਂ ਹਨ ਜਾਂ ਡੈਲੀਗੇਟ ਵਜੋਂ ਸ਼ਾਮਲ ਹੋਣਾ ਚਾਹੁੰਦੀਆਂ ਹਨ, ਉਹ 31 ਦਸੰਬਰ ਤੱਕ ਵੈਬਸਾਈਟ 'ਤੇ ਰਜਿਸਟਰੇਸ਼ਨ ਕਰਵਾ ਦੇਣ।

ਹਮਦਰਦ ਵੀਕਲੀ , ਪੰਜਾਬ ਸਟਾਰ , ਪੰਜਾਬੀ ਪੋਸਟ , ਪੰਜਾਬੀ ਜਾਗਰਣ , ਪ੍ਰਵਾਸੀ ਵੀਕਲੀ , ਗਾਉਦਾ ਪੰਜਾਬ ਰੇਡੀਓ , ਪੰਜ ਆਬ ਟੀਵੀ , ਦਰਸ਼ਨ ਟੀਵੀ, ਝਾਂਜਰ ਟੀਵੀ , ਸਾਡਾ ਟੀਵੀ , ਗਲੋਬਲ ਟੀਵੀ , ਖ਼ਬਰਨਾਮਾ ਵੀਕਲੀ ਅਖਵਾਰ , ਜੱਗਬਾਣੀ ਅਖਬਾਰ ਆਦਿ ਇਸ ਕਾਨਫਰੰਸ 'ਚ ਮੱਦਦ ਕਰ ਰਹੇ ਹਨ।

Call for Free Estimates
A-1 RENOVATION
GTA INC
416-456-1462
OVER 15 YEARS OF SERVICE
Professionals in Completing Basements within 3 Weeks
New Basement $1,000 off with this flyer
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

# ਕੈਨੇਡਾ ਨਿਵਾਸੀ ਮੈਰਾਥੋਰੀਅਨ ਪ੍ਰਭਜੀਤ ਸੰਧੂ ਦਾ ਫਿਰੋਜ਼ਪੁਰ ਵਿਖੇ ਸਨਮਾਨ

ਫਿਰੋਜ਼ਪੁਰ, 18 ਦਸੰਬਰ (ਹਰਜੀਤ ਬੇਦੀ): ਪਿਛਲੇ ਦਿਨੀ ਕਨੇਡਾ ਵਿੱਚ ਰਹਿ ਰਹੇ ਫਿਰੋਜ਼ਪੁਰ ਜ਼ਿਲੇ ਦੇ ਮੱਲੂਵਾਲ ਪਿੰਡ ਨਾਲ ਸਬੰਧਤ ਮੈਰਾਥੋਰੀਅਨ ਪ੍ਰਭਜੀਤ ਸਿੰਘ ਸੰਧੂ ਦਾ ਫਿਰੋਜ਼ਪੁਰ ਦੇ ਗਰੀਨ ਫੀਲਡ ਰਿਜੋਰਟ ਵਿੱਚ ਖੁਸ਼ੀਆਂ ਭਰੇ ਸਮਾਗਮ ਵਿੱਚ ਸਨਮਾਨ ਕੀਤਾ ਗਿਆ। ਪ੍ਰਭਜੀਤ ਸਿੰਘ ਟੋਰਾਂਟੋ ਦੇ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ ਦੇ ਸਿਰਕੱਢ ਮੈਂਬਰ ਹਨ ਜਿਹਨਾਂ ਬਾਰੇ ਜਾਣਕਾਰੀ ਦਿੰਦਿਆਂ ਹਰਜੀਤ ਸਿੰਘ ਬੇਦੀ ਨੇ ਦੱਸਿਆ ਕਿ ਉਹ ਪਿਛਲੇ ਕਈ ਸਾਲਾਂ ਤੋਂ ਸਕੋਸੀਆਂ ਬੈਂਕ ਮੈਰਾਥੌਨ, ਗੁਰੂ ਗੋਬਿੰਦ ਸਿੰਘ ਚਿਲਡਰਨ ਮੈਰਾਥੋਨ ਅਤੇ ਏਅਰ ਕਨੇਡਾ ਰੇਸ ਵਿੱਚ ਨਾਮਣਾ ਖੱਟ ਰਹੇ ਹਨ। ਇਸ ਤੋਂ ਬਿਨਾਂ ਸੀ ਐਨ ਟਾਵਰ ਉਤੇ ਪੌੜੀਆਂ ਰਾਹੀਂ ਚੜ੍ਹਨ ਦੇ ਈਵੈਂਟ ਵਿੱਚ ਹਿਸਾ ਲੈਕੇ ਏਅਰਪੋਰਟ ਰੱਨਰਜ਼ ਕਲੱਬ ਅਤੇ ਕਮਿਊਨਿਟੀ ਦੇ ਮਾਨ ਵਿੱਚ ਵਾਧਾ ਕਰਨ ਦੇ ਨਾਲ ਹੀ ਆਪਣੀ ਜਨਮ ਭੂਮੀ ਦਾ ਮਾਨ ਵੀ ਵਧਾਇਆ ਹੈ। ਇਸ ਮੌਕੇ ਪੰਜਾਬ ਦੇ ਨੌਜਵਾਨਾ ਨੂੰ ਉਹਨਾਂ ਤੋਂ ਪ੍ਰੇਰਣਾ ਲੈ ਕੇ ਆਪਣੀ ਸਿਹਤ ਅਤੇ ਸਮਾਜ ਨੂੰ ਬਿਹਤਰ ਬਣਾਉਣ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ।। ਨਸ਼ਿਆਂ ਦੀ ਦਲਦਲ ਵਿੱਚ ਫਸ ਰਹੀ ਨੌਜਵਾਨ ਪੀੜ੍ਹੀ ਨੂੰ ਇਸ ਕੋਹੜ ਵਿੱਚੋਂ ਨਿਕਲਣ ਲਈ ਪਰੇਰਿਆ ਗਿਆ। ਇਸ ਉਪਰੰਤ ਭਰੇ ਪੰਡਾਲ



ਵਿੱਚ ਏਅਰਪੋਰਟ ਰੱਨਰਜ਼ ਕਲੱਬ ਦੀ ਰੂਹ ਸੰਧੂਰਾ ਬਰਾੜ ਦੀ ਅਗਵਾਈ ਵਿੱਚ ਜਗਤਾਰ ਗਰੇਵਾਲ, ਹਜੂਰਾ ਸਿੰਘ ਬਰਾੜ, ਭਰਪੂਰ ਸਿੰਘ ਗਰੇਵਾਲ, ਹਰਜਿੰਦਰ ਸੰਧੂ,ਕਪੂਰ ਸਿੰਘ ਬਰਾੜ ਆਦਿ ਨੇ ਓਹਨਾਂ ਨੂੰ ਬਹੁਤ ਸ਼ਾਨਦਾਰ ਟਰਾਫੀ ਦੇ ਕੇ ਸਨਮਾਨਤ ਕੀਤਾ। ਉਹਨਾਂ ਨੂੰ ਉਹਨਾਂ ਦੇ ਇਲਾਕੇ ਵਿੱਚ ਸਨਮਾਨਤ ਕਰਨ ਦੇ ਮਕਸਦ ਬਾਰੇ ਸੰਧੂਰਾ ਬਰਾੜ ਹੋਰਾਂ ਦੱਸਿਆ ਕਿ ਉਹ ਆਪਣੇ ਲੋਕਾਂ ਨੂੰ ਇਹ ਦਰਸਾਉਣਾ ਚਾਹੁੰਦੇ ਹਨ ਕਿ ਇਸ ਵਡੇਰੀ ਉਮਰ ਵਿੱਚ ਸੰਧੂ ਵਰਗੇ ਭਾਰਤੀ ਬਦੇਸ਼ਾਂ ਵਿੱਚ ਚੰਗੀ ਜ਼ਿੰਦਗੀ ਗੁਜਾਰਨ ਦੇ ਨਾਲ ਭਾਈਚਾਰੇ ਦਾ ਨਾਂ ਵੀ ਰੋਸ਼ਨ ਕਰ ਰਹੇ ਹਨ। ਇਸ ਨਾਲ ਇੱਥੋਂ ਦੇ ਲੋਕਾਂ ਨੂੰ ਚੰਗੇ ਪਾਸੇ ਲੱਗਣ ਦੀ ਪਰੇਰਣਾ ਮਿਲੇਗੀ। ਉਹਨਾਂ ਦੇ ਇਸ ਸਨਮਾਨ ਮੌਕੇ ਉਹਨਾਂ ਦੇ ਪੁਰਾਣੇ ਮਿੱਤਰ, ਰਿਸ਼ਤੇਦਾਰ, ਸਨੇਹੀ ਅਤੇ ਇਲਾਕੇ ਦੇ ਲੋਕ ਪ੍ਰਸੰਨ-ਚਿੱਤ ਦਿਖਾਈ ਦੇ ਰਹੇ ਸਨ। ਇਸ ਮੌਕੇ ਹੋਰਨਾਂ ਤੋਂ ਬਿਨਾਂ ਮਨਜੀਤ ਕੌਰ ਮੱਲਵਾਲ,ਦੀਪਇੰਦਰ ਸਿੰਘ ਬੜਿੰਗ, ਯਾਦਵਿੰਦਰ ਸਿੰਘ ਬਰਾੜ,ਮਨਜਿੰਦਰ ਸਿੰਘ ਸੰਧੂ, ਅਨੂਰੀਤ, ਸੁਰਿੰਦਰ ਸਿੰਘ ਚੌਹਾਨ, ਬਾਬੂ ਸਿੰਘ ਬਰਾੜ, ਜੋਰਾ ਸਿੰਘ ਗਿੱਲ ਅਤੇ ਇਲਾਕੇ ਦੀਆਂ ਕਈ ਹੋਰ ਪਰਮੁੱਖ ਸਖਸ਼ੀਅਤਾਂ ਹਾਜ਼ਰ ਸਨ।

Real Estate Exam Prep
ਰਿਐਲਟਰ ਬਣਨ ਦਾ ਸੁਨਿਹਰੀ ਮੌਕਾ,
ਲੰਘ ਗਿਆ ਸਮਾਂ ਹੱਥ ਨਹੀਂ ਆਉਣਾ
The Rules are changing
For Real Estate Licence
It will become a Full Time College course soon!
To Avoid going to college for 2-3 Years, Join Now
Call: 647-625-7961
Pass each exam in just 2 weeks
○Easy to Understand Material
○Important Practice Questions
○Limited Summarized Material


2250 Bovaird Dr E, Unit#407, Medical Building
Behind RBC, Sunny Meadow/Bovaird



# ਸੰਪਾਦਕੀ

## ਚੀਨ ਅਮਰੀਕਾ ਦੀ ਲੜਾਈ ਵਿੱਚ ਕੈਨੇਡਾ ਦੇ ਪੈਰੀਂ ਕੁਹਾੜੀ?

ਅਮਰੀਕਾ ਅਤੇ ਚੀਨ ਦਰਮਿਆਨ ਚੱਲ ਰਹੀ ਟਰੇਡ ਜੰਗ ਵਿੱਚ ਕੈਨੇਡਾ ਵਿਚਾਰਾ ਜਿਹਾ ਹੋ ਕੇ ਨਮੋਸ਼ੀ ਦੇ ਪਲ ਝੱਲ ਰਿਹਾ ਹੈ। ਅੰਤਰਰਾਸ਼ਟਰੀ ਪੱਧਰ ਉੱਤੇ ਕੈਨੇਡਾ ਦੀ ਸਥਿਤੀ ਅਜਿਹੀ ਬਣ ਚੁੱਕੀ ਹੈ ਕਿ ਪ੍ਰਭੂਸੱਤਾ ਮੁਲਕ ਵਜੋਂ ਇਸਦੀ ਆਨ, ਬਾਣ ਅਤੇ ਸ਼ਾਨ ਦਾ ਪਿਟਾਰਾ ਸ਼ਰੇਆਮ ਚੌਂਕ ਵਿੱਚ ਖੁੱਲ ਰਿਹਾ ਹੈ। ਚੀਨ ਦੀ ਟੈਲੀਕਾਮ ਕੰਪਨੀ ਵਾਅਵੇਅ ਦੀ ਚੀਫ ਫਾਨਾਂਸ਼ੀਅਲ ਅਫ਼ਸਰ ਮੈਂਗ ਵੈਂਜੂ ਦੀ ਗ੍ਰਿਫਤਾਰੀ ਨੂੰ ਲੈ ਕੇ ਚੀਨ ਅਤੇ ਅਮਰੀਕਾ ਦੋ ਪਹਿਲਵਾਨਾਂ ਦੇ ਭੇੜ ਵਿੱਚ ਕੈਨੇਡਾ ਦੇ ਦਰੜੇ ਜਾਣ ਦੀ ਕਹਾਣੀ ਬਣਦੀ ਜਾ ਰਹੀ ਹੈ। (ਅੰਗਰੇਜ਼ੀ ਵਿੱਚ ਇਸ ਕੰਪਨੀ ਨੂੰ ਅੱਈ ਲਿਖਿਆ ਜਾਂਦਾ ਹੈ)। ਇਸ ਕਿੱਸੇ ਦਾ ਆਰੰਭ ਸਾਊਦੀ ਅਰਬੀਆ ਵਿੱਚ ਮਨੁੱਖੀ ਅਧਿਕਾਰਾਂ ਦੇ ਹੋ ਰਹੇ ਘਾਣ ਬਾਰੇ ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਕੀਤੇ ਗਏ ਇੱਕ ਟਵੀਟ ਤੋਂ ਆਰੰਭ ਹੋਇਆ ਸੀ। ਸਾਊਦੀ ਅਰਬੀਆ ਨੇ ਜਿਸ ਢੰਗ ਨਾਲ ਕੈਨੇਡਾ ਨੂੰ ਇੱਕ ਬਚਕਾਨਾ ਜਿਹਾ ਮੁਲਕ ਸਮਝ ਕੇ ਵਿਹਾਰ ਕੀਤਾ ਅਤੇ ਅਮਰੀਕਾ ਨੇ ਕੈਨੇਡਾ ਦਾ ਸਾਥ ਦੇਣ ਤੋਂ ਸਪੱਸ਼ਟ ਨਾਂਹ ਕੀਤੀ, ਉਹ ਆਪਣੇ ਆਪ ਵਿੱਚ ਇੱਕ ਮਿਸਾਲ ਸੀ।

ਅੱਜ ਦੇ ਯੁੱਗ ਵਿੱਚ ਵਿਦੇਸ਼ ਨੀਤੀ ਦਾ ਇੱਕੋ ਇੱਕ ਸੂਤਰ ਟਰੇਡ ਹੈ। 'ਜੰਗ ਅਤੇ ਪਰੇਮ ਵਿੱਚ ਸੱਭ ਸੱਚ' ਹੋਣ ਦਾ ਕੌੜਾ ਸੱਚ ਅੱਜ ਟਰੇਡ ਵਿੱਚ ਲਾਗੂ ਹੁੰਦਾ ਹੈ। ਅਮਰੀਕੀ ਰਾਸ਼ਟਰਪਤੀ ਟਰੰਪ ਅਤੇ ਪ੍ਰਧਾਨ ਮੰਤਰੀ ਟਰੂਡੋ ਦਰਮਿਆਨ ਖੱਟੇ ਸਬੰਧ ਅਤੇ ਨਾਫਟਾ ਗੱਲਬਾਤ ਦੌਰਾਨ ਆਈਆਂ ਦਿੱਕਤਾਂ ਕੈਨੇਡਾ ਨੇ ਕੈਨੇਡਾ ਦੇ ਨੀਤੀ ਘਾੜਿਆਂ ਲਈਮੁਸ਼ਕਲਾਂ ਖੜੀਆਂ ਕੀਤੀਆਂ ਹੋਈਆਂ ਹਨ। ਨਾਫਟਾ ਸੰਧੀ ਉੱਤੇ ਦਸਤਖਤ ਹੋ ਜਾਣ ਤੋਂ ਬਾਅਦ ਵੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਦਿੱਤੀਆਂ ਜਾਣ ਵਾਲੀਆਂ ਧਮਕੀਆਂ ਦੇ ਪ੍ਰਭਾਵ ਨੂੰ ਘੱਟ ਰੱਖਣ ਲਈ ਵਾਅਵੇਅ ਦੀ ਮੈਂਗ ਵੈਂਜੂ ਨੂੰ ਗ੍ਰਿਫਤਾਰ ਕਰਨ ਵਿੱਚ ਭਲਾ ਸਮਝਿਆ। ਚੀਨ ਲਈ ਅਮਰੀਕਾ ਅੱਖਾਂ ਵਿਖਾਉਣੀਆਂ ਔਖੀਆਂ ਸਨ, ਸੋ ਉਸਨੇ ਕੈਨੇਡਾ ਵਿਰੁੱਧ ਆਪਣਾ ਗੁੱਸਾ ਕੱਢਣਾ ਆਰੰਭ ਕਰ ਦਿੱਤਾ। ਚੀਨ ਦਾ ਆਖਣਾ ਹੈ ਕਿ ਕੈਨੇਡਾ-ਚੀਨ ਦੁੱਵਲੇ ਟਰੇਡ ਵਿੱਚ ਹੋਣ ਵਾਲੇ ਨੁਕਸਾਨ ਲਈ ਕੈਨੇਡਾ ਖੁਦ ਜੁੰਮੇਵਾਰ ਹੋਵੇਗਾ।

ਦੂਜੇ ਪਾਸੇ ਰਾਸ਼ਟਰਪਤੀ ਟਰੰਪ ਨੇ ਆਪਣੀ ਦੋਗਲੀ ਪਹੁੰਚ ਨੂੰ ਜਾਰੀ ਰੱਖਦੇ ਹੋਏ ਆਖ ਦਿੱਤਾ ਹੈ ਕਿ ਉਹ ਵਾਅਵੇਅ ਵਿਵਾਦ ਨੂੰ 'ਅਮਰੀਕਾ ਅਤੇ ਚੀਨ' ਦਰਮਿਆਨ ਟਰੇਡ ਨੂੰ ਪ੍ਰਭਾਵਿਤ ਨਹੀਂ ਹੋਣ ਦੇਵੇਗਾ। ਇਸਦਾ ਅਰਥ ਹੈ ਕਿ ਜੇ ਲੋੜ ਪਈ ਤਾਂ ਮੈਂਗ ਵੈਜੂ ਵਿਰੁੱਧ ਅਮਰੀਕਾ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਇਹ ਵੇਖਣਾ ਦਿਲਚਸਪ ਹੋਵੇਗਾ ਕਿ ਵਾਅਵੇਅ ਦਾ ਕੱਦਕਾਠ ਕਿੰਨਾ ਕੁ ਉੱਚਾ ਹੈ ਜਿਸ ਵਾਸਤੇ ਐਨੀ ਵੱਡੀ ਲੜਾਈ ਛਿੜੀ ਹੋਈ ਹੈ। ਵਾਅਵੇਅ ਦੇ ਟੈਲੀਕਾਮ ਉਤਪਾਦਨ ਅਤੇ ਸੇਵਾਵਾਂ170 ਦੇਸ਼ਾਂ ਵਿੱਚ ਵੇਚੀਆਂ ਜਾਂਦੀਆਂ ਹਨ। ਇਸਦੀ ਪੈਂਠ ਐਨੀ ਵੱਡੀ ਹੈ ਕਿ 2012 ਵਿੱਚ ਇਸ ਨੇ ਐਰਿਕਸਨ (Ericson) ਨੂੰ ਖਰੀਦ ਲਿਆ ਸੀ ਜਿਸਤੋਂ ਬਾਅਦ ਇਹ ਦੁਨੀਆ ਦੀ ਸੱਭ ਤੋਂ ਵੱਡੀ ਟੈਲੀਫੂਨ ਬਣਾਉਣ ਵਾਲੀ ਕੰਪਨੀ ਬਣ ਗਈ ਸੀ। 2018 ਵਿੱਚ ਇਸਨੇ ਐਪਲ (Apple) ਨੂੰ ਹੱੜਪ ਲਿਆ ਹੈ। 2017 ਵਿੱਚ ਵਿਸ਼ਵ ਦੀਆਂ 500 ਗਲੋਬਲ ਫਾਰਚਿਊਨ ਕੰਪਨੀਆਂ ਵਿੱਚੋਂ ਇਸਦਾ 72ਵਾਂ ਨੰਬਰ ਸੀ। ਵਾਅਵਐ ਦੇ ਇਰਾਨ ਨਾਲ ਸ਼ੱਕੀ ਟਰੇਡ ਸਬੰਧ ਹੋਣ ਕਾਰਣ ਅਮਰੀਕਾ ਵਿੱਚ ਮੁੱਕਦਮਾ ਦਾਖ਼ਲ ਹੈ ਜਿਸ ਦੇ ਆਧਾਰ ਉੱਤੇ ਅਮਰੀਕਾ ਵੱਲੋਂ Extradition Act ਤਹਿਤ ਕੈਨੇਡਾ ਉੱਤੇ ਮੈਂਗ ਨੂੰ ਗ੍ਰਿਫਤਾਰ ਕਰਨ ਲਈ ਜੋਰ ਪਾਇਆ ਗਿਆ। ਕ੍ਰਿਸਟੀਆ ਫਰੀਲੈਂਡ ਨੇ ਕੱਲ ਕਬੂਲ ਕੀਤਾ ਕਿ ਕੈਨੇਡਾ ਕੋਲ ਗ੍ਰਿਫਤਾਰੀ ਤੋਂ ਇਲਾਵਾ ਕੋਈ ਹੋਰ ਵਿਕਲਪ ਨਹੀਂ ਸਨ।

ਚੀਨ ਅਮਰੀਕਾ ਭੇੜ ਵਿੱਚ ਆ ਜਾਣ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਹੋਰਾਂ ਦਾ ਇਹ ਐਲਾਨ ਹੈਰਾਨ ਕਰਨ ਵਾਲਾ ਹੈ ਕਿ ਕੈਨੇਡਾ ਵੱਲੋਂ ਸਾਊਦੀ ਅਰਬੀਆ ਨਾਲ 13 ਬਿਲੀਅਨ ਡਾਲਰ ਦੇ ਇਕਰਾਰਨਾਮੇ ਨੂੰ ਤੋੜ ਦਿੱਤਾ ਜਾਵੇਗਾ। ਜੇ ਅਜਿਹਾ ਕਰਨਾ ਹੀ ਸੀ ਤਾਂ ਅਗਸਤ ਮਹੀਨੇ ਵਿੱਚ ਕੀਤਾ ਜਾਂਦਾ ਤਾਂ ਜੋ ਸਾਊਦੀ ਅਰਬੀਆ ਦੇ ਮੂੰਹ ਉੱਤੇ ਚਪੇੜ ਥਾ ਵੱਜਦੀ ਅਤੇ ਅੱਜ ਹੋਰ ਮੁਲਕ ਸਾਨੂੰ ਦੁੱਧ ਪੀਣ ਵਾਲਾ ਬੱਚਾ ਨਾ ਸਮਝਦੇ। ਇਹ ਕਦੋਂ ਤੱਕ ਹੁੰਦਾ ਰਹੇਗਾ ਕਿ ਦੁਨੀਆ ਦੇ ਪਹਿਲਵਾਨ ਲੜਨਗੇ ਅਤੇ ਅਸੀਂ ਕੈਨੇਡੀਅਨ ਕਿਨਾਰੇ ਖੜੇ ਰੋਂਦੇ ਰਹਾਂਗੇ? ਕੈਨੇਡੀਅਨਾਂ ਬਾਰੇ ਇੱਕ ਪ੍ਰਭਾਵ ਹੈ ਕਿ ਇਹ ਸਾਊ, ਨਿਮਾਣੇ ਅਤੇ ਮਿੱਠਬੋਲੜੇ ਹੁੰਦੇ ਹਨ। ਪ੍ਰਧਾਨ ਮੰਤਰੀ ਟਰੂਡੋ ਹੋਰਾਂ ਨੇ ਪਿਛਲੇ ਤਿੰਨ ਸਾਲਾਂ ਵਿੱਚ ਇਸ ਧਾਰਨਾ ਨੂੰ ਹੋਰ ਮਜ਼ਬੂਤ ਕਰਕੇ ਆਪਣੇ ਨਿੱਜੀ ਅਕਸ ਨੂੰ ਅੰਤਰਰਾਸ਼ਟਰੀ ਪੱਧਰ ਉੱਤੇ ਖੂਬ ਚਮਕਾਇਆ ਹੈ। ਪਰ ਹੁਣ ਸਮਾਂ ਹੈ ਕਿ ਦੇਸ਼ ਦੇ ਅਕਸ ਨੂੰ ਠੀਕ ਕਰਨ ਲਈ ਉੱਦਮ ਕੀਤੇ ਜਾਣ।

## ਆਸਟ੍ਰੇਲੀਆ ਨੇ ਵੀ ਯੇਰੂਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਮੰਨ ਲਿਆ

ਸਿਡਨੀ, 18 ਦਸੰਬਰ (ਪੋਸਟ ਬਿਊਰੋ)- ਅਮਰੀਕਾ ਪਿੱਛੋਂ ਆਸਟਰੇਲੀਆ ਨੇ ਵੀ ਪੱਛਮੀ ਯੇਰੂਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਮੰਨ ਲਿਆ ਹੈ, ਪਰ ਇਜ਼ਰਾਈਲ ਦੇ ਤਲ ਅਵੀਵ ਵਿਚਲੇ ਆਪਣੇ ਦੂਤਘਰ ਨੂੰ ਯੇਰੂਸ਼ਲਮ ਤਬਦੀਲ ਕਰਨ ਵਿਚ ਉਹ ਕਿਸੇ ਜਲਦਬਾਜ਼ੀ ਵਿਚ ਨਹੀਂ ਹੈ।

ਇਹ ਐਲਾਨ ਕਰਦੇ ਹੋਏ ਪ੍ਰਧਾਨ ਮੰਤਰੀ ਸਕਾਟ ਮਾਰੀਸਨ ਨੇ ਕਿਹਾ ਕਿ ਫਲਸਤੀਨ ਅਤੇ ਇਜ਼ਰਾਈਲ ਵਿਚਕਾਰ ਸਮਝੌਤਾ ਹੋਣ ਪਿੱਛੋਂ ਯੇਰੂਸ਼ਲਮ ਵਿਚ ਦੂਤਘਰ ਬਣਾਉਣ 'ਤੇ ਫ਼ੈਸਲਾ ਲਿਆ ਜਾਵੇਗਾ। ਤਦ ਤਕ ਲਈ ਉਥੇ ਵਪਾਰ ਅਤੇ ਰੱਖਿਆ ਦਫ਼ਤਰ ਖੋਲ੍ਹੇ ਜਾਣਗੇ। ਵਰਨਣ ਯੋਗ ਹੈ ਕਿ ਈਸਾਈ, ਮੁਸਲਿਮ ਅਤੇ ਯਹੂਦੀਆਂ ਲਈ ਪਵਿੱਤਰ ਮੰਨਿਆ ਜਾਣ ਵਾਲਾ ਯੇਰੂਸ਼ਲਮ ਫਲਸਤੀਨ ਅਤੇ ਇਜ਼ਰਾਈਲ ਵਿਚਕਾਰ ਵਿਵਾਦ ਦਾ ਮੁੱਖ ਕਾਰਨ ਹੈ। ਦੋਵੇਂ ਹੀ ਦੇਸ਼ ਉਸ ਉਤੇ ਆਪਣਾ ਅਧਿਕਾਰ ਚਾਹੁੰਦੇ ਹਨ। ਅਮਰੀਕਾ ਨੇ ਦਸੰਬਰ 2017 ਵਿਚ ਯੇਰੂਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਐਲਾਨਣ ਪਿੱਛੋਂ ਇਸ ਸਾਲ ਮਈ ਵਿਚ ਉਥੇ ਆਪਣਾ ਦੂਤਘਰ ਤਬਦੀਲ ਕਰਨ ਦਾ ਐਲਾਨ ਕੀਤਾ ਸੀ। ਇਸ ਪਿੱਛੋਂ ਗਾਜ਼ਾ ਪੱਟੀ 'ਤੇ ਭਾਰੀ ਗਿਣਤੀ ਵਿਚ ਫਲਸਤੀਨੀਆਂ ਨੇ ਪ੍ਰਦਰਸ਼ਨ ਕੀਤਾ ਸੀ, ਜਿੱਥੇ ਲਗਪਗ 62 ਲੋਕਾਂ ਦੀ ਮੌਤ ਹੋ ਗਈ ਸੀ। ਅੰਤਰਰਾਸ਼ਟਰੀ ਭਾਈਚਾਰੇ ਨੇ ਅਮਰੀਕਾ ਦੇ ਇਸ ਕਦਮ ਦੀ ਤਿੱਖੀ ਆਲੋਚਨਾ ਵੀ ਕੀਤੀ ਸੀ।

ਅਮਰੀਕਾ ਦੇ ਪਿੱਛੇ ਚੱਲਦੇ ਹੋਏ ਆਸਟਰੇਲੀਆ ਨੇ ਬੀਤੇ ਅਕਤੂਬਰ ਵਿਚ ਪੱਛਮੀ ਯੇਰੂਸ਼ਲਮ ਨੂੰ ਇਜ਼ਰਾਈਲ ਦੀ ਰਾਜਧਾਨੀ ਮੰਨਣ ਦੀ ਗੱਲ ਕਹੀ ਸੀ। ਇਸ ਉਤੇ ਆਸਟਰੇਲੀਆ ਨੂੰ ਮੁਸਲਿਮ ਬਹੁਲਤਾ ਵਾਲੇ ਦੇਸ਼ਾਂ ਜਿਵੇਂ ਇੰਡੋਨੇਸ਼ੀਆ, ਮਲੇਸ਼ੀਆ ਆਦਿ ਦੇ ਰੋਸ ਦਾ ਸਾਹਮਣਾ ਕਰਨਾ ਪਿਆ ਸੀ। ਅਰਬ ਦੇਸ਼ਾਂ ਦੀ ਰਾਏ ਹੈ ਕਿ ਇਸ ਨਾਲ ਪੱਛਮੀ ਏਸ਼ੀਆ ਵਿਚ ਹਾਲਾਤ ਵਿਗੜਨ ਦੀ ਸੰਭਾਵਨਾ ਹੈ। ਆਸਟ੍ਰੇਲੀਆ ਨੇ ਕਿਹਾ ਕਿ ਸ਼ਾਂਤੀ ਸਮਝੌਤਾ ਹੋਣ 'ਤੇ ਉਹ ਪੂਰਬੀ ਯੇਰੂਸ਼ਲਮ ਨੂੰ ਫਲਸਤੀਨ ਦੀ ਰਾਜਧਾਨੀ ਦੇ ਰੂਪ ਵਿਚ ਮਾਨਤਾ ਦੇਣ ਲਈ ਤਿਆਰ ਹੈ। ਚੀਨ ਪਹਿਲੇ ਹੀ ਪੂਰਬੀ ਯੇਰੂਸ਼ਲਮ ਨੂੰ ਫਲਸਤੀਨ ਦੀ ਰਾਜਧਾਨੀ ਦੇ ਰੂਪ ਵਿਚ ਮਾਨਤਾ ਦੇ ਚੁੱਕਾ ਹੈ।




## ਆਰਥਿਕ ਮਦਦ ਨਾਲ ਨਹੀਂ ਮਿਲੇਗਾ ਅਸਲ ਸਮੱਸਿਆ ਤੋਂ ਛੁਟਕਾਰਾ

...ਪੰਨਾ 1 ਦਾ ਬਾਕੀ

ਉਨ੍ਹਾਂ ਇਹ ਵੀ ਆਖਿਆ ਕਿ ਆਖਿਰਕਾਰ ਪ੍ਰੋਵਿੰਸ ਲਈ ਚਿਰ ਸਥਾਈ ਹੱਲ ਪਾਈਪਲਾਈਨਾਂ ਵਿਛਾਉਣਾ ਹੀ ਹੋਵੇਗਾ। ਉਨ੍ਹਾਂ ਇਹ ਵੀ ਆਖਿਆ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਟਰਾਂਸ ਮਾਊਨਟੇਨ ਨੂੰ ਖਰੀਦਣਾ ਤੇ ਕੀਅਸਟੋਨ ਐਕਸਐਲ ਪਾਈਪਲਾਈਨ ਦੇ ਨਿਰਮਾਣ ਦੀ ਵਚਨਬੱਧਤਾ ਪ੍ਰੋਵਿੰਸ਼ੀਅਲ ਤੇ ਕੌਮੀ ਹਿਤਾਂ ਦੀ ਹੀ ਗੱਲ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਅਲਬਰਟਾ ਇਸ ਸਮੇਂ ਅਮਰੀਕੀ ਉਤਪਾਦਕਾਂ ਦੇ ਬਦਲੇ ਤੇਲ ਦੇ ਪ੍ਰਤੀ ਬੈਰਲ ਪਿੱਛੇ 12 ਡਾਲਰ ਘੱਟ ਕਮਾ ਰਿਹਾ ਹੈ। ਅਜਿਹਾ ਪਾਈਪਲਾਈਨ ਦੀ ਘਾਟ ਕਾਰਨ ਹੋ ਰਿਹਾ ਹੈ। ਜਿਸ ਕਾਰਨ ਪ੍ਰੋਵਿੰਸ ਸਮੁੰਦਰੋਂ ਪਾਰਲੀਆਂ ਮੰਡੀਆਂ ਨਾਲ ਨਹੀਂ ਜੁੜ ਪਾ ਰਿਹਾ ਹੈ ਆਪਣੇ ਤੇਲ ਦੀ ਉੱਚੀ ਕੀਮਤ ਨਹੀਂ ਵਸੂਲ ਪਾ ਰਿਹਾ। ਪ੍ਰੋਵਿੰਸ ਦੇ ਅੰਦਾਜ਼ੇ ਮੁਤਾਬਕ ਉਹ ਤੇਲ ਦੇ ਸੀਮਤ ਦਾਇਰੇ ਵਿੱਚ ਹੀ ਰਹਿਣ ਕਾਰਨ 80 ਮਿਲੀਅਨ ਡਾਲਰ ਰੋਜ਼ਾਨਾ ਗੁਆ ਰਿਹਾ ਹੈ।

ਇਸ ਮੌਕੇ ਕੰਜ਼ਰਵੇਟਿਵ ਪਾਰਟੀ ਆਗੂ ਐਂਡਰਿਊ ਸ਼ੀਅਰ ਨੇ ਆਖਿਆ ਕਿ ਟਰੂਡੋ ਦਾ ਇਹ ਐਲਾਨ ਚੋਣਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਕੀਤਾ ਗਿਆ ਹੈ ਤੇ ਪ੍ਰਧਾਨ ਮੰਤਰੀ ਪੱਛਮੀ ਕੈਨੇਡੀਅਨਾਂ ਨੂੰ ਇਹ ਚਿਤਾਰਨਾ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਬਹੁਤ ਫਿਕਰ ਹੈ। ਇਸ ਉੱਤੇ ਪ੍ਰੋਵਿੰਸ ਦੀ ਪ੍ਰੀਮੀਅਰ ਰੇਚਲ ਨੌਟਲੇ ਨੇ ਆਖਿਆ ਕਿ ਸਰਕਾਰ ਦੇ ਇਸ ਉਪਰਾਲੇ ਨਾਲ ਨਿੱਕੇ ਪ੍ਰੋਡਿਊਸਰਜ਼ ਦੀ ਮਦਦ ਤਾਂ ਹੋ ਸਕਦੀ ਹੈ ਪਰ ਇਹ ਯੋਜਨਾ ਬਹੁਤੀ ਦੇਰ ਤੱਕ ਨਹੀਂ ਚੱਲਣ ਵਾਲੀ। ਉਨ੍ਹਾਂ ਆਖਿਆ ਕਿ ਕੈਲਗਰੀ ਤੇ ਅਲਬਰਟਾ ਦੇ ਲੋਕ ਤੇਲ ਤੇ ਗੈਸ ਤੋਂ ਮੁਨਾਫਾ ਕਮਾ ਸਕਦੇ ਹਨ ਪਰ ਫੈਡਰਲ ਸਰਕਾਰ ਨੂੰ ਸਾਡੀਆਂ ਹਥਕੜੀਆਂ ਖੋਲ੍ਹਣੀਆਂ ਹੋਣਗੀਆਂ।

## ਟਰੰਪ ਵੱਲੋਂ ਲਾਏ ਗਏ ਸਟੀਲ ਤੇ ਐਲੂਮੀਨੀਅਮ ਟੈਰਿਫਜ਼ ਨੂੰ ਹਟਾਇਆ ਜਾਣਾ ਬੇਹੱਦ ਜ਼ਰੂਰੀ : ਫਰੀਲੈਂਡ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਲਾਏ ਗਏ ਇਨ੍ਹਾਂ ਟੈਰਿਫਜ਼ ਨੂੰ ਨਵੀਂ ਟਰੇਡ ਡੀਲ ਲਾਗੂ ਹੋਣ ਤੋਂ ਪਹਿਲਾਂ ਹੀ ਹਟਾਉਣ ਦੀ ਮੰਗ ਹੁਣ ਅਮਰੀਕੀ ਕਾਰੋਬਾਰੀਆਂ ਵੱਲੋਂ ਵੀ ਕੀਤੀ ਜਾ ਰਹੀ ਹੈ। ਫਰੀਲੈਂਡ ਨੇ ਆਖਿਆ ਕਿ ਕੈਨੇਡਾ ਤਾਂ ਪਹਿਲਾਂ ਹੀ ਇਨ੍ਹਾਂ ਟੈਰਿਫਜ਼ ਨੂੰ ਹਟਾਉਣ ਲਈ ਸੰਘਰਸ਼ ਕਰ ਰਿਹਾ ਹੈ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਵੀ ਇਹੋ ਆਖਣਾ ਹੈ ਕਿ ਇਨ੍ਹਾਂ ਟੈਰਿਫਜ਼ ਨੂੰ ਹਟਾਏ ਜਾਣ ਲਈ ਅਮਰੀਕਾ ਉੱਤੇ ਦਬਾਅ ਬਣਾਉਣ ਵਾਸਤੇ ਅਮਰੀਕੀ ਕਾਨੂੰਨਘਾੜਿਆਂ ਤੇ ਕਾਰੋਬਾਰੀਆਂ ਦਾ ਵੀ ਕੈਨੇਡਾ ਨੂੰ ਭਰਵਾਂ ਸਮਰਥਨ ਮਿਲ ਰਿਹਾ ਹੈ। ਟਰੂਡੋ ਵੱਲੋਂ ਇਹ ਖੁਲਾਸਾ ਸ਼ੁੱਕਰਵਾਰ ਨੂੰ ਦਿੱਤੀ ਗਈ ਇੱਕ ਇੰਟਰਵਿਊ ਵਿੱਚ ਕੀਤਾ ਗਿਆ ਸੀ। ਪਿਛਲੇ ਹਫਤੇ ਵਾਸ਼ਿੰਗਟਨ ਦੇ ਦੌਰੇ ਉੱਤੇ ਗਈ ਫਰੀਲੈਂਡ ਨੇ ਆਖਿਆ ਕਿ ਉਨ੍ਹਾਂ ਨੇ ਤੇ ਰੱਖਿਆ ਮੰਤਰੀ ਹਰਜੀਤ ਸੱਜਣ ਨੇ ਟੈਰਿਫ ਹਟਾਉਣ ਦਾ ਮਾਮਲਾ ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੌਂਪਿਓ ਤੇ ਰੱਖਿਆ ਮੰਤਰੀ ਜਿੰਮ ਮੈਟਿਸ ਕੋਲ ਵੀ ਉਠਾਇਆ ਸੀ।

ਇਸ ਤੋਂ ਇਲਾਵਾ ਫਰੀਲੈਂਡ ਨੇ ਅਮਰੀਕੀ ਟਰੇਡ ਨੁਮਾਇੰਦੇ ਰੌਬਰਟ ਲਾਈਥਜ਼ਰ ਕੋਲ ਵੀ ਇਹ ਮੁੱਦਾ ਦੁਬਾਰਾ ਉਠਾਇਆ ਤੇ ਇਸ ਬਾਰੇ ਠੋਸ ਕਾਰਵਾਈ ਕਰਨ ਲਈ ਉਨ੍ਹਾਂ ਉੱਤੇ ਦਬਾਅ ਵਧਾਇਆ। ਫਰੀਲੈਂਡ ਨੇ ਆਖਿਆ ਕਿ ਆਖਿਰਕਾਰ ਅਮਰੀਕੀ ਵਣਜ ਮੰਤਰਾਲਾ ਹੀ ਟੈਰਿਫਜ਼ ਦੇ ਮੁੱਦੇ ਬਾਰੇ ਫੈਸਲਾ ਕਰੇਗਾ ਪਰ ਉਦੋਂ ਤੱਕ ਅਸੀਂ ਆਪਣੀ ਪੂਰੀ ਵਾਹ ਲਾਵਾਂਗੇ। ਇਸ ਦੌਰਾਨ ਕੈਨੇਡਾ ਵਿੱਚ ਟਰੰਪ ਦੀ ਅੰਬੈਸਡਰ ਕੈਲੀ ਕ੍ਰਾਫਟ ਨੇ ਆਖਿਆ ਕਿ ਉਨ੍ਹਾਂ ਦਾ ਵਣਜ ਮੰਤਰਾਲਾ ਟੈਰਿਫਜ਼ ਮਾਮਲੇ ਬਾਰੇ ਫੈਸਲਾ ਤਣ-ਪੱਤਣ ਲਾਉਣ ਲਈ ਪੂਰੀ ਸਰਗਰਮੀ ਨਾਲ ਕੰਮ ਕਰ ਰਿਹਾ ਹੈ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia - Gyan Singh - Angrej Singh
Office Admin Assistant - Priya Sodhi
Marketing Executives - HS Nagpal - Gurpreet Singh Pall -
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਸਾਢੇ ਛੇ ਲੱਖ ਦੀ ਠੱਗੀ ਦੇ ਦੋਸ਼ ਵਿੱਚ ਹੌਲਦਾਰ ਤੇ ਉਸ ਦੀ ਪਤਨੀ ਉੱਤੇ ਕੇਸ ਦਰਜ

ਅੰਮ੍ਰਿਤਸਰ, 17 ਦਸੰਬਰ (ਪੋਸਟ ਬਿਊਰੋ)- ਆਪਣੇ ਹੀ ਵਿਭਾਗ ਦੀ ਮਹਿਲਾ ਮੁਲਾਜ਼ਮ ਨੂੰ ਪਲਾਟ ਲੈ ਕੇ ਦੇਣ ਦਾ ਝਾਂਸਾ ਦੇ ਕੇ ਲੱਖਾਂ ਦੀ ਠੱਗੀ ਕਰਨ ਵਾਲੇ ਹੌਲਦਾਰ ਤੇ ਉਸ ਦੀ ਪਤਨੀ ਉੱਤੇ ਥਾਣਾ ਸਿਵਲ ਲਾਈਨ ਦੀ ਪੁਲਸ ਨੇ ਧੋਖਾਧੜੀ ਦਾ ਕੇਸ ਦਰਜ ਕੀਤਾ ਹੈ। ਪੁਲਸ ਮੁਲਾਜ਼ਮ ਪਰਮਜੀਤ ਕੌਰ ਨੇ ਪੁਲਸ ਨੂੰ ਦੱਸਿਆ ਕਿ ਉਸ ਨੂੰ ਪਲਾਟ ਲੈ ਕੇ ਦੇਣ ਦਾ ਝਾਂਸਾ ਦੇ ਕੇ ਹੌਲਦਾਰ ਹਰੀ ਸਿੰਘ ਤੇ ਉਸ ਦੀ ਪਤਨੀ ਊਸ਼ਾ ਕੰਧਾਰੀ ਨਿਵਾਸੀ ਪੁਲਸ ਕਾਲੋਨੀ ਏਅਰਪੋਰਟ ਰੋਡ ਨੇ ਉਸ ਤੋਂ ਧੋਖੇ ਨਾਲ ਸਾਢੇ ਛੇ ਲੱਖ ਰੁਪਏ ਠੱਗ ਲਏ ਹਨ।

ਜਾਂਚ ਦੌਰਾਨ ਸਾਹਮਣੇ ਆਇਆ ਕਿ ਉਕਤ ਜੋੜੇ ਨੇ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਕੁਲਵਿੰਦਰ ਕੌਰ, ਜੋਤੀ, ਰਮਨਪ੍ਰੀਤ ਕੌਰ ਤੇ ਸੁਲਤਾਨ ਪਲਕ ਤੋਂ ਮੋਟੀ ਰਕਮ ਲੈ ਕੇ ਹੇਰਾਫੇਰੀ ਕੀਤੀ ਹੈ। ਪੁਲਸ ਕਰਮਚਾਰੀ ਹਰੀ ਸਿੰਘ ਅਤੇ ਉਸ ਦੀ ਪਤਨੀ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਜਾਰੀ ਹੈ।

# The birth of Lord Jesus - brings a message of peace, love and happiness

By: Surjit Singh Flora





Saint Paul has written God has acted decisively, once for all, by sending his beloved Son to his own people. This Jesus, whom some acknowledged as Christ, who was not a criminal and died for his own sins; he had died for the sins of others.

Even though Jesus was pious, he also took the form of a slave by emptying himself and being born into a human being. The Holy Bible has been written in 2.3 in Philippine, that according to the Lord's servant Nabi Prophet, a promise that his baby who was to be born would be God Himself in human form, and grace and truth would be settled in us, infant, Emmanuel, "God with us."

God sent Zabeel to a village named Nazareth, in the Galena area. The angel went to a virgin named Miriam, and the maiden was engaged to a man named Yusuf, a descendant of David. The angel said to Mary, "Do not be afraid, Mary, for the grace of God has been upon you. You will be pregnant and give birth to a son. You keep his name Emmanuel. He will be great, he will be called son of Supreme God. The Lord God will give him the throne of his ancestor David. They will rule forever on the family of Jacob. His kingdom will not come to an end.

The King (Kaiser) Augustus in issued an order in his state that everyone should register their names by going to their cities. But Mary and Joseph found the village to be crowded. Others had arrived to register before them, so there was no space for them at the lodging room. In the end, he got a shelter in an old building where the animals were kept and where the world's salvation redeemer was born, they had no choice but to settle down for the night in a stable. We can just imagine Joseph's concern as he saw his wife suffering a sharp discomfort she had never known, which then intensified. Here, of all places, her birth pangs had begun.

At midnight, Jesus was born in Bethlehem's Gospel, and his mother, Mary, kept him in a manger, because there was no place anywhere in the bar. When Jesus Christ was born, a star appeared in the sky, which lightened the whole world, and Mary took some clothes and wrapped a newly born baby boy in the manger.

Can you imagine that the Son of God was born in a stall? He was born in a hospital, not in a good house but in a manger because nobody had a place for him.

Indeed , how much we love Jesus! He left all the comforts of heaven for the sake of expressing these feelings and came to earth for us.

Heaven was a beautiful place, where there were no sorrows or pains, which he did to leave this beautiful place and make the manger home for us.

The Lord Jesus Christ still loves the poor, the tired, the oppressed, the afflicted. If they look at their teachings, they are very simple. Love the neighbor, do not lie, do not kill, do not covet, they always gave a message of ending untouchability, prejudice, and gave message of mutual brotherhood ,unity and peace to the world.

That is why the birth of the Lord Jesus Christ is celebrated with great devotion and joy in the whole world. the Lord Jesus came to share with us the sufferings of the trials and the example of a sinless life, because Jesus came to live with us, he understands our sorrows, our Creator is also a friend of sinners.

Let us now look at the great, compassionate, gracious, compassionate, afflicted, unfortunate, father of the orphans, on the day of birth of Lord Jesus Christ, that our lives, that works for poor, sick, helpless person on this big day "Christmas" the day God brings a message of peace, unity, love and happiness to the whole world. Amen!






# ਮਿੰਨੀ ਕਹਾਣੀਆਂ

## ਸਟੈਂਡਰਡ

-ਅਮ੍ਰਿਤ ਬਰਨਾਲਾ

ਅੱਜ ਲੁਧਿਆਣਾ ਵਿਖੇ ਵਾਤਾਵਰਨ ਦਿਵਸ 'ਤੇ ਬਠਿੰਡਾ ਤੋਂ ਆਏ ਬੁਲਾਰਿਆਂ ਨੇ ਪਾਣੀ, ਹਵਾ, ਧੁਨੀ ਪ੍ਰਦੂਸ਼ਣ ਸਬੰਧੀ ਦਲੀਲਾਂ ਨਾਲ ਆਪੋ-ਆਪਣੇ ਵਿਚਾਰ ਪੇਸ਼ ਕੀਤੇ। ਵਿਸ਼ੇ 'ਤੇ ਭਾਸ਼ਨ ਦੇ ਕੇ ਆਪੋ-ਆਪਣੀ ਕਾਰ ਵੱਲ ਜਾਂਦਿਆਂ ਤੋਂ ਮੈਂ ਪੁੱਛ ਲਿਆ, 'ਸਰਦਾਰ ਜੀ, ਤੁਸੀਂ ਸਾਰੇ ਬਠਿੰਡਾ ਤੋਂ ਆਏ ਹੋ।'

'ਹਾਂ..।' ਉਤਰ ਮਿਲਿਆ

'ਤਾਂ ਫਿਰ ਇਕ ਹੀ ਗੱਡੀ ਵਿੱਚ ਆ ਜਾਂਦੇ।'

ਉਨ੍ਹਾਂ ਵਿੱਚੋਂ ਇਕ ਸਰਦਾਰ ਜੀ ਬੋਲ ਪਏ। 'ਭਰਾ, ਜੇ ਇਕੋ ਗੱਡੀ ਵਿੱਚ ਆ ਜਾਂਦੇ ਤਾਂ ਸਟੈਂਡਰਡ ਕਿੰਜ ਬਣਦਾ।'

'ਤਾਂ ਫਿਰ ਆਪ ਜੀ ਦੇ ਹੁਣੇ ਦਿੱਤੇ ਪ੍ਰਦੂਸ਼ਣ 'ਤੇ ਵਿਚਾਰ..।' ਮੇਰੇ ਇੰਨਾ ਪੁੱਛਦੇ ਹੀ ਉਹ ਗੱਡੀ ਵੱਲ ਨੂੰ ਵਧ ਗਏ।

## ਸਜ਼ਾ

-ਗੁਰਪ੍ਰੀਤ ਸੈਂਸਗ

ਭਰੀ ਅਦਾਲਤ ਵਿੱਚ ਖੜ੍ਹੇ ਰਾਜੇ ਨੂੰ ਜੱਜ ਨੇ ਫਾਂਸੀ ਦਾ ਹੁਕਮ ਸੁਣਾਇਆ। ਰਾਜਾ ਬਹੁਤ ਰੋਇਆ ਤੇ ਕੁਰਲਾਇਆ, ''ਜੱਜ ਸਾਹਿਬ, ਇਹ ਕਤਲ ਮੈਂ ਨਹੀਂ ਕੀਤਾ।''

ਰਾਜੇ ਨੂੰ ਰੋਂਦਿਆਂ ਕੁਰਲਾਉਂਦਿਆਂ ਜੱਲਾਦ ਵੇਖ ਚੁੱਕਾ ਸੀ। ਜਦੋਂ ਉਹ ਰਾਜੇ ਨੂੰ ਫਾਂਸੀ ਚੜ੍ਹਾਉਣ ਲੱਗਾ ਤਾਂ ਉਸ ਨੇ ਰਾਜੇ ਨੂੰ ਪੁੱਛਿਆ, ''ਰਾਜਾ ਜੀ, ਫਾਂਸੀ ਤਾਂ ਤੁਹਾਨੂੰ ਹੋਣੀ ਹੀ ਹੈ। ਅੱਜ ਹੀ ਦੱਸ ਦਿਓ, ਤੁਸੀਂ ਇਹ ਕਤਲ ਕੀਤਾ?''

''ਨਹੀਂ, ਮੈਂ ਇਹ ਕਤਲ ਨਹੀਂ ਕੀਤਾ। ਮੈਂ ਪਹਿਲਾਂ ਇੱਕ ਕਤਲ ਜ਼ਰੂਰ ਕੀਤਾ ਸੀ। ਉਦੋਂ ਬਚ ਗਿਆ ਸੀ। ਇਹ ਸਜ਼ਾ ਸ਼ਾਇਦ ਮੈਨੂੰ ਉਸ ਕਤਲ ਦੀ ਮਿਲੀ ਏ।''

## ਇੱਕ ਬੇਟਾ ਅਜਿਹਾ ਵੀ

-ਸਮਤਾ ਨਾਰਦ

''ਮਾਂ ਮੈਨੂੰ ਕੁਝ ਮਹੀਨਿਆਂ ਲਈ ਵਿਦੇਸ਼ ਜਾਣਾ ਪੈ ਰਿਹੈ। ਤੁਹਾਡੇ ਰਹਿਣ ਦਾ ਇੰਤਜ਼ਾਮ ਕਰ ਦਿੱਤੈ।'' 33 ਸਾਲਾ ਅਣਵਿਆਹੇ ਡਾਕਟਰ ਪ੍ਰਦੀਪ ਨੇ ਰਾਤ ਨੂੰ ਘਰ ਵਿੱਚ ਆਉਂਦੇ ਹੀ ਮਾਂ ਨੂੰ ਕਿਹਾ।

''ਬੇਟਾ, ਕੀ ਤੇਰਾ ਵਿਦੇਸ਼ ਜਾਣਾ ਜ਼ਰੂਰੀ ਹੈ?'' ਮਾਂ ਦੀ ਆਵਾਜ਼ ਵਿੱਚ ਚਿੰਤਾ ਅਤੇ ਘਬਰਾਹਟ ਝਲਕ ਰਹੀ ਸੀ।

''ਮਾਂ, ਕੁਝ ਹੀ ਮਹੀਨਿਆਂ ਦੀ ਗੱਲ ਹੈ।'' ਪ੍ਰਦੀਪ ਨੇ ਕਿਹਾ।

''ਜਿਵੇਂ ਤੇਰੀ ਮਰਜ਼ੀ।'' ਮਾਂ ਬੋਲੀ ਤੇ ਛੱਡ ਆਇਆ ਪ੍ਰਦੀਪ ਆਪਣੀ ਮਾਂ 'ਮਮਤਾ' ਨੂੰ ਗੁਆਂਢ ਵਾਲੇ ਸ਼ਹਿਰ ਵਿੱਚ ਇੱਕ ਬਿਰਧ ਆਸ਼ਰਮ ਵਿੱਚ।

ਬਿਰਧ ਆਸ਼ਰਮ ਵਿੱਚ ਛੇ ਮਹੀਨੇ ਗੁਜ਼ਰ ਜਾਣ ਤੋਂ ਬਾਅਦ ਇੱਕ ਦਿਨ ਮਮਤਾ ਦੇਵੀ ਨੇ ਆਸ਼ਰਮ ਦੇ ਸੰਚਾਲਕ ਜੈ ਰਾਮ ਜੀ ਦੇ ਦਫਤਰ ਦੇ ਫੋਨ ਤੋਂ ਬੇਟੇ ਨਾਲ ਸੰਪਰਕ ਕੀਤਾ ਤੇ ਕਿਹਾ, ''ਪ੍ਰਦੀਪ ਤੂੰ ਹਿੰਦੋਸਤਾਨ ਆ ਗਿਐਂ ਜਾਂ ਜਰਮਨੀ ਵਿੱਚ ਹੈਂ?''

''ਮਾਂ ਅਜੇ ਮੈਂ ਜਰਮਨੀ ਵਿੱਚ ਹੀ ਹਾਂ।'' ਪ੍ਰਦੀਪ ਦਾ ਜਵਾਬ ਸੀ। ਤਿੰਨ-ਤਿੰਨ, ਚਾਰ-ਚਾਰ ਮਹੀਨੇ ਦੇ ਅੰਤਰ ਵਿੱਚ ਮਮਤਾ ਦੇਵੀ ਪ੍ਰਦੀਪ ਨੂੰ ਫੋਨ ਕਰਦੀ, ਤਾਂ ਉਸ ਨੂੰ ਇੱਕੋ ਜਵਾਬ ਮਿਲਦਾ 'ਮੈਂ ਅਜੇ ਉਥੇ ਹੀ ਹਾਂ। ਜਿਵੇਂ ਹੀ ਭਾਰਤ ਵਾਪਸ ਆਵਾਂਗਾ, ਤੁਹਾਨੂੰ ਸੂਚਿਤ ਕਰ ਦੇਵਾਂਗਾ।''

ਇਸ ਤਰ੍ਹਾਂ ਦੋ ਸਾਲ ਤੋਂ ਜ਼ਿਆਦਾ ਸਮਾਂ ਬੀਤ ਗਿਆ। ਬਿਰਧ ਆਸ਼ਰਮ ਦੇ ਲੋਕ ਵੀ ਕਹਿਣ ਲੱਗੇ, ''ਵੇਖੋ, ਕਿੰਨਾ ਚਲਾਕ ਬੇਟਾ ਨਿਕਲਿਆ, ਧੋਖੇ ਨਾਲ ਆਪਣੀ ਮਾਂ ਨੂੰ ਇਥੇ ਛੱਡ ਗਿਆ।''

ਆਸ਼ਰਮ ਦੇ ਕਿਸੇ ਬਜ਼ੁਰਗ ਨੇ ਕਿਹਾ, ''ਮੈਨੂੰ ਤਾਂ ਲੱਗਦਾ ਨਹੀਂ ਕਿ ਡਾਕਟਰ ਵਿਦੇਸ਼ ਗਿਆ ਵੀ ਹੋਵੇਗਾ, ਉਹ ਤਾਂ ਬੁੱਢੀ ਮਾਂ ਤੋਂ ਛੁਟਕਾਰਾ ਪਾ ਰਿਹਾ ਹੋਵੇਗਾ।''

ਤਿੰਨ ਸਾਲ ਆਸ਼ਰਮ ਵਿੱਚ ਰਹਿਣ ਤੋਂ ਬਾਅਦ ਮਮਤਾ ਨੂੰ ਵੀ ਆਪਣੀ ਹੋਣੀ ਦਾ ਪਤਾ ਚੱਲ ਗਿਆ। ਬੇਟੇ ਦਾ ਗ਼ਮ ਉਸ ਨੂੰ ਅੰਦਰ ਹੀ ਅੰਦਰ ਤੋੜਨ ਲੱਗਾ। ਇੱਕ ਸਾਲ ਹੋਰ ਆਸ਼ਰਮ ਵਿੱਚ ਰਹਿਣ ਤੋਂ ਬਾਅਦ ਇੱਕ ਦਿਨ ਉਨ੍ਹਾਂ ਦੀ ਮੌਤ ਹੋ ਗਈ। ਉਨ੍ਹਾਂ ਦੀ ਮੌਤ ਤੇ ਆਸ਼ਰਮ ਦੇ ਲੋਕਾਂ ਨੇ ਆਸ਼ਰਮ ਦੇ ਸੰਚਾਲਕ ਨੂੰ ਕਿਹਾ, ''ਇਨ੍ਹਾਂ ਦੀ ਮੌਤ ਦੀ ਖਬਰ ਉਨ੍ਹਾਂ ਦੇ ਬੇਟੇ ਨੂੰ ਦੇ ਦਿਓ। ਸਾਨੂੰ ਤਾਂ ਲੱਗਦਾ ਨਹੀਂ ਕਿ ਉਹ ਵਿਦੇਸ਼ ਵਿੱਚ ਹੋਵੇਗਾ, ਉਹ ਇਥੇ ਹੀ ਆਪਣੇ ਦੇਸ਼ ਵਿੱਚ ਹੋਵੇਗਾ।''

''ਇਨ੍ਹਾਂ ਦੇ ਬੇਟੇ ਨੂੰ ਕਿਵੇਂ ਖਬਰ ਕਰਾਂ? ਉਸ ਨੂੰ ਮਰੇ ਤਿੰਨ ਸਾਲ ਹੋ ਗਏ।'' ਸੰਚਾਲਕ ਦੀ ਗੱਲ ਸੁਣ ਕੇ ਹਾਜ਼ਰ ਵਿਅਕਤੀ ਹੈਰਾਨ ਹੋ ਗਏ।

ਉਨ੍ਹਾਂ ਵਿੱਚੋਂ ਇੱਕ ਬਜ਼ੁਰਗ ਬੋਲਿਆ, ''ਜੇ ਡਾਕਟਰ ਨੂੰ ਗੁਜ਼ਰੇ ਤਿੰਨ ਸਾਲ ਹੋ ਗਏ ਤਾਂ ਮਮਤਾ ਦੇਵੀ ਨਾਲ ਮੋਬਾਈਲ 'ਤੇ ਕੌਣ ਗੱਲ ਕਰਦਾ ਸੀ।''

''ਉਹ ਮੋਬਾਈਲ ਤਾਂ ਮੇਰੇ ਕੋਲ ਹੈ ਜਿਸ ਵਿੱਚ ਉਨ੍ਹਾਂ ਦੇ ਬੇਟੇ ਦੀ ਰੀਕਾਰਡਿਡ ਆਵਾਜ਼ ਹੈ।'' ਸੰਚਾਲਕ ਬੋਲੇ।

''ਪਰ ਅਜਿਹਾ ਕਿਉਂ?''

ਹੁਣ ਸੰਚਾਲਕ ਜੀ ਬੋਲੇ, ''ਚਾਰ ਸਾਲ ਪਹਿਲਾਂ ਜਦੋਂ ਪ੍ਰਦੀਪ ਆਪਣੀ ਮਾਂ ਨੂੰ ਇਥੇ ਛੱਡਣ ਆਇਆ ਤਾਂ ਉਸ ਨੇ ਦੱਸਿਆ ਕਿ ''ਮੈਨੂੰ ਬਲੱਡ ਕੈਂਸਰ ਹੈ ਅਤੇ ਡਾਕਟਰ ਹੋਣ ਕਰ ਕੇ ਮੈਂ ਇਹ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਇਸ ਕੈਂਸਰ ਦੀ ਆਖਰੀ ਸਟੇਜ ਵਿੱਚ ਮੈਨੂੰ ਬਹੁਤ ਤਕਲੀਫ ਹੋਵੇਗੀ। ਉਹ ਇਹ ਵੇਖ ਕੇ ਜਿਊਂਦੇ ਜੀ ਮਰ ਜਾਵੇਗੀ। ਮੈਂ ਤਾਂ ਮਰਨਾ ਹੈ, ਮੈਂ ਨਹੀਂ ਚਾਹੁੰਦਾ ਕਿ ਮੇਰੇ ਕਾਰਨ ਮੇਰੇ ਤੋਂ ਪਹਿਲਾਂ ਮੇਰੀ ਮਾਂ ਮਰ ਜਾਵੇ।''

ਸੰਚਾਲਕ ਜੀ ਦੀ ਇਹ ਗੱਲ ਸੁਣ ਕੇ ਉਥੇ ਹਾਜ਼ਰ ਲੋਕਾਂ ਦੀਆਂ ਅੱਖਾਂ ਭਰ ਆਈਆਂ। ਮਮਤਾ ਦੇਵੀ ਦੀ ਅੰਤਿਮ ਸਸਕਾਰ ਆਸ਼ਰਮ ਦੇ ਇੱਕ ਹਿੱਸੇ ਵਿੱਚ ਕਰ ਦਿੱਤਾ ਗਿਆ।

# ਚੀਰੇ ਵਾਲੇ ਨੂੰ ਕਦਰ ਨਹੀਂ..

-ਮਨਿੰਦਰ ਸਿੰਘ



ਜੇ ਪੰਜਾਬ ਦੇ ਲੋਕਧਾਰਾਈ ਵਰਤਾਰਿਆਂ ਦੀ ਗੱਲ ਕਰੀਏ ਤਾਂ ਇਨ੍ਹਾਂ ਵਿੱਚ ਲੋਕ ਸਾਹਿਤ ਸਭ ਤੋਂ ਵੱਧ ਮਹੱਤਤਾ ਰੱਖਣ ਵਾਲਾ ਵਰਤਾਰਾ ਹੈ ਅਤੇ ਪੰਜਾਬ ਦੇ ਲੋਕ ਸਾਹਿਤ ਦੀ ਗੱਲ ਕਰਦਿਆਂ ਇਸ ਵਰਤਾਰੇ ਵਿੱਚੋਂ ਲੋਕ ਗੀਤਾਂ ਦਾ ਮਹੱਤਵ ਸਪੱਸ਼ਟ ਦਿਖਾਈ ਦਿੰਦਾ ਹੈ। ਸਮਾਜਿਕ ਘੁਟਣ ਦੇ ਮਾਹੌਲ ਵਿੱਚ ਔਰਤ ਕੋਲ ਅਜਿਹੇ ਮੌਕੇ ਘੱਟ ਹੀ ਹੁੰਦੇ ਸਨ ਜਿਸ ਰਾਹੀਂ ਉਹ ਆਪੇ ਦਾ ਪ੍ਰਗਟਾਵਾ ਕਰ ਸਕਦੀ। ਮਨ ਦੇ ਭਾਵਾਂ ਦੇ ਪ੍ਰਗਟਾਵਾ ਕਰਨ ਲਈ ਲੋਕ ਗੀਤ ਹੀ ਪ੍ਰਚੱਲਿਤ ਅਤੇ ਪ੍ਰਵਾਨਿਤ ਸਾਧਨ ਸਨ। ਪੇਂਡੂ ਸਮਾਜ ਦੀ ਔਰਤ ਕੋਲ ਗੀਤਾਂ ਦੇ ਰੂਪ ਵਿੱਚ ਅਜਿਹੇ ਕਲਾਤਮਕ ਹਥਿਆਰ ਸਨ, ਜਿਸ ਨਾਲ ਉਹ ਉਨ੍ਹਾਂ ਸਾਰੇ ਭਾਵਾਂ ਦਾ ਪ੍ਰਗਟਾਵਾ ਅਸਪੱਸ਼ਟ ਰੂਪ ਨਾਲ ਕਰ ਸਕਦੀ ਸੀ, ਜਿਨ੍ਹਾਂ ਨੂੰ ਸਪੱਸ਼ਟ ਰੂਪ ਵਿੱਚ ਬਿਆਨ ਕਰਨਾ ਔਖਾ ਸੀ। ਗੀਤਾਂ ਰਾਹੀਂ ਖੁਦ ਨੂੰ ਪ੍ਰਗਟ ਕਰਨ ਦੀ ਖੁੱਲ੍ਹ ਉਸ ਨੂੰ ਸਮਾਜ ਨੇ ਦਿੱਤੀ ਸੀ। ਇਸ ਖੁੱਲ੍ਹ ਦਾ ਜ਼ਿਕਰ ਵਾਰਸ ਦੀ ਹੀਰ ਵਿੱਚ ਵੀ ਮਿਲਦਾ ਹੈ:

ਲਾਲ ਚਰਖੜਾ ਡਾਹ ਕੇ ਸੋਪ ਪਾਈਏ,<br>
ਕੇਹੇ ਸੋਹਣੇ ਗੀਤ ਝਨਾਉਂਦੇ ਨੇ,<br>
ਬਾਹਰ ਫਿਰਨ ਨਾ ਸੋਂਹਦਾ ਕੁਆਰੀਆਂ ਨੂੰ,<br>
ਅੱਜ ਕੱਲ੍ਹ ਲਾਗੀ ਘਰੇ ਆਉਂਦੇ ਨੇ,<br>
ਚੂਚਕ ਸਿਆਲ ਹੋਰੀਂ ਨੀਂ ਹੀਰੇ ਜਾਣਦੀ ਏਂ,<br>
ਸਰਦਾਰ ਤੇ ਪੈਂਚ ਗਿਰਾਉਂ ਦੇ ਨੇ,<br>
ਨੀਵੀਂ ਨਜਰ ਹਿਆਉ ਦੇ ਨਾਲ ਰਹੀਏ,<br>
ਤੈਨੂੰ ਸਭ ਸਿਆਣੇ ਫਰਮਾਉਂਦੇ ਨੇ।

ਪੰਜਾਬ ਦੇ ਲੋਕਧਾਰਾਈ ਖਜ਼ਾਨੇ ਵਿੱਚ ਬੇਸ਼ੁਮਾਰ ਲੋਕ ਗੀਤ ਹਨ। ਇਨ੍ਹਾਂ ਲੋਕ ਗੀਤਾਂ ਦੀ ਵਿਸ਼ਾਲਤਾ ਵਿਆਹ ਦੇ ਗੀਤਾਂ ਦੀ ਮੁਥਾਜ ਨਹੀਂ, ਸਗੋਂ ਇਹ ਸੁਹਾਗ ਤੇ ਘੋੜੀਆਂ ਲੋਕ ਗੀਤਾਂ ਦੇ ਸਾਗਰ ਵਿੱਚ ਇਕ ਬੂੰਦ ਦੇ ਬਰਾਬਰ ਹਨ। ਲੋਕ ਗੀਤਾਂ ਦਾ ਇਕ ਵਿਸ਼ਾਲ ਭੰਡਾਰ ਜੋ ਵਿਆਹ ਗੀਤਾਂ ਤੋਂ ਬਾਹਰਲਾ ਸੀ, ਅੱਜ ਸਾਡੇ ਚੇਤਿਆਂ ਵਿੱਚੋਂ ਵਿਸਰਦਾ ਜਾ ਰਿਹਾ ਹੈ। ਪੁਰਾਤਨ ਪੇਂਡੂ ਔਰਤ ਦੀ ਤ੍ਰਾਸਦਿਕ ਮਨੋਬਿਰਤੀ ਦੀ ਪੇਸ਼ਕਾਰੀ ਨਾਲ ਸਬੰਧਤ ਗੀਤ ਅੱਜ ਦੇ ਪੰਜਾਬੀ ਮਨ ਵਿੱਚ ਧੁੰਦਲੇ ਹੋ ਗਏ ਹਨ। ਔਰਤ ਜਦੋਂ ਵਿਆਹ ਤੋਂ ਬਾਅਦ ਸਹੁਰੇ ਘਰ ਆਉਂਦੀ ਹੈ ਤਾਂ ਉਸ ਦੇ ਮਨ ਵਿੱਚ ਬਹੁਤ ਸਾਰੇ ਚਾਅ ਤੇ ਸੱਧਰਾਂ ਹੁੰਦੀਆਂ ਹਨ, ਪਰ ਜੇ ਅੱਗੋਂ ਪਤੀ ਦਾ ਪਿਆਰ ਨਾ ਮਿਲੇ ਤਾਂ ਮਨ ਵਿਚਲੀ ਪੀੜਾ ਚਿੰਨ੍ਹਾਤਮਕ ਰੂਪ ਰਾਹੀਂ ਲੋਕ ਗੀਤਾਂ ਦੇ ਰੂਪ ਵਿੱਚ ਸਾਕਾਰ ਹੁੰਦੀ ਹੈ:

ਲਉ ਪੀੜ੍ਹਾ ਬਹੁ ਸਾਹਮਣੇ,<br>
ਸਾਡੇ ਪਲੰਘ ਤੇ ਥਾਂਉ ਨਹੀਂ,<br>
ਨੀ ਗੋਰੀਏ ਗੱਲਾਂ ਕਰਨੇ ਦਾ ਚਾਉ ਨਹੀਂ,<br>
ਹੰਝੂ ਡੁੱਲ੍ਹੇ ਭੁਇੰ ਪਏ,<br>
ਇਨ੍ਹਾਂ ਡੁੱਲ੍ਹਿਆਂ ਦੀ ਖਬਰ ਨਹੀਂ,<br>
ਰੱਬਾ ਚੀਰੇ ਵਾਲੇ ਨੂੰ ਕਦਰ ਨਹੀਂ,

ਪੇਂਡੂ ਮਰਦ ਪ੍ਰਧਾਨ ਸਮਾਜ ਵਿੱਚ ਘਰੇਲੂ ਹਿੰਸਾ ਸਾਧਾਰਨ ਗੱਲ ਰਹੀ ਹੈ। ਅਜਿਹੀ ਪੀੜ ਭਰਪੂਰ ਮਨੋਦਸ਼ਾ ਲੋਕ ਗੀਤਾਂ ਨੂੰ ਮਾਧਿਅਮ ਬਣਾ ਕੇ ਆਪਣੇ ਆਪ ਨੂੰ ਪ੍ਰਗਟ ਕਰਦੀ ਹੈ।

ਇਕ ਨਾ ਮਾਰੀਂ ਸਿੰਘਾ ਸੋਟੜਾ,<br>
ਮਾਂ ਦਿਆ ਕਾਹਨ ਚੰਦਾ,<br>
ਇਕ ਨਾ ਦੇਵੀਂ ਮਾਂ ਦੀ ਗਾਲ,<br>
ਖੂਨੀ ਨੈਣ ਜਲ ਭਰੇ।

ਰੋਹ ਦੀ ਭਾਵਨਾ ਨੇ ਇਨ੍ਹਾਂ ਅੱਖਾਂ ਨੂੰ ਖੂਨੀ ਕਰ ਦਿੱਤਾ, ਪਰ ਇਹ ਰੋਹ ਸਮਾਜਿਕ ਸਥਿਤੀ ਵਿੱਚ ਸੁਧਾਰ ਕਰਨ ਤੋਂ ਅਸਮਰੱਥ ਹੈ ਅਤੇ ਬੇਬਸੀ ਨੇ ਇਨ੍ਹਾਂ ਰੋਹ ਭਰੀਆਂ ਅੱਖਾਂ ਨੂੰ ਨਮ ਕਰ ਦਿੱਤਾ ਹੈ। ਮਾਪਿਆਂ ਦੀ ਸਮਾਜਿਕ ਅਤੇ ਆਰਥਿਕ ਗਰੀਬੀ ਨਾਲ ਇਹ ਬੇਬਸੀ ਸਥਾਈ ਹੋ ਗਈ ਹੈ:

ਪੇਕਿਆਂ ਤੋਂ ਲਿਆ ਨਾਜੋ ਗੋਲੀਆਂ,<br>
ਨੀਂ ਮੇਰੀ ਗੋਰੀਏ,<br>
ਫੇਰ ਨਾ ਦੇਊ ਮਾਂ ਦੀ ਗਾਲ,<br>
ਖੂਨੀ ਨੈਣ ਜਲ ਭਰੇ।<br>
ਭੈਣਾਂ ਨੂੰ ਦੇਈਂ ਸਿੰਘਾ ਗੋਲੀਆਂ,<br>
ਮਾਂ ਦਿਆ ਕਾਹਨ ਚੰਦਾ,<br>
ਸਾਡੇ ਤਾਂ ਮਾਪੇ ਨੀਂ ਗਰੀਬ,<br>
ਖੂਨੀ ਨੈਣ ਜਲ ਭਰੇ।

ਮਰਦ ਪ੍ਰਧਾਨ ਸਮਾਜ ਵਿੱਚ ਔਰਤ ਦਾ ਸ਼ੋਸ਼ਣ ਕੇਵਲ ਮਾਨਸਿਕ ਹੀ ਨਹੀਂ, ਬਲਕਿ ਸਰੀਰਕ ਵੀ ਹੋਇਆ ਹੈ। ਜਿਨ੍ਹਾਂ ਔਰਤਾਂ ਦੇ ਪਤੀ ਨੌਕਰ ਹੋ ਗਏ, ਉਨ੍ਹਾਂ ਨੂੰ ਸਰੀਰਕ ਸ਼ੋਸ਼ਣ ਦਾ ਸਾਹਮਣਾ ਵੀ ਕਰਨਾ ਪਿਆ। ਉਹ ਸਾਰੇ ਭਾਵ ਜੋ ਵਿਹਾਰਕ ਨਹੀਂ ਹੋ ਸਕੇ, ਨੂੰ ਗੀਤਾਂ ਦੇ ਮਾਧਿਅਮ ਰਾਹੀਂ ਪ੍ਰਗਟਾਇਆ ਗਿਆ ਅਤੇ ਇਹੀ ਪ੍ਰਗਟਾਵਾ ਜਨ ਸਾਧਾਰਨ ਦੀ ਪ੍ਰਤੀਨਿਧਤਾ ਦੇ ਕਾਰਨ ਲੋਕ ਗੀਤਾਂ ਦਾ ਰੂਪ ਲੈ ਗਿਆ:

ਮੈਂ ਤੈਨੂੰ ਪੁੱਛਦਾ ਗੋਰੀਏ,<br>
ਰੰਗ ਤੇਰਾ ਕਾਲਾ ਪਿਆ,<br>
ਕਿਨ ਪਕੜੀ ਤੇਰੀ ਬਾਂਹ,<br>
ਬਾਲਾ ਜੋਬਨ ਕਿਨ ਮੋਹ ਲਿਆ।<br>
ਮੈਂ ਤੈਨੂੰ ਦੱਸਦੀ ਚਾਕਰਾ ਵੇ,<br>
ਹਰਨੀ ਨੂੰ ਮਿਰਗ ਪਿਆ,<br>
ਤੇਰਾ ਛੋਟਾ ਭਾਈ ਜੋ ਚੰਡਾਲ,<br>
ਬਾਲਾ ਜੋਬਨ ਉਸ ਮੋਹ ਲਿਆ।

ਇਹ ਪੰਜਾਬ ਦੀ ਔਰਤ ਦਾ ਸਿਦਕ ਹੈ ਕਿ ਉਹ ਮਾਨਸਿਕ ਅਤੇ ਸਰੀਰਕ ਪੀੜ ਸਹਿੰਦੀ ਹੋਈ ਵੀ ਅਜਿਹਾ ਨਹੀਂ ਚਾਹੁੰਦੀ ਕਿ ਉਸ ਦਾ ਪਤੀ ਆਪਣੇ ਛੋਟੇ ਭਰਾ ਦਾ ਕਾਤਲ ਬਣ ਜਾਵੇ:

ਕੋਈ ਪੰਜੇ ਲਿਆਉ ਕੱਪੜੇ, ਪੰਜੇ ਹਥਿਆਰ ਮੇਰੇ,<br>
ਕੋਈ ਮਾਰੀਏ ਛੋਟਾ ਭਰਾ, ਤੇ ਵੈਰਾਗੀ ਹੋ ਚਲੀਏ।<br>
ਘਰ ਦਾ ਵੀਰ ਨਾ ਮਾਰੀਏ, ਭਾਈਆਂ ਦੀ ਬਾਂਹ ਭੱਜ ਜੇ,<br>
ਮਾਰੀਏ ਘਰ ਦੀ ਨਾਰ, ਨਾਰਾਂ ਹੋਰ ਵਿਆਹ ਲਈਏ।

ਔਰਤ ਦੇ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਦੀ ਬਾਤ ਪਾਉਂਦੇ ਅਨੇਕਾਂ ਹੀ ਗੀਤ ਪੰਜਾਬ ਦੀ ਲੋਕਧਾਰਾ ਵਿੱਚ ਸ਼ਾਮਲ ਹਨ। ਔਰਤ ਦੀ ਆਪਣੇ ਪੇਕੇ ਪਰਵਾਰ ਨਾਲ ਭਾਵਨਾਤਮਕ ਸਾਂਝ ਬਹੁਤ ਹੀ ਗਹਿਰੀ ਹੁੰਦੀ ਹੈ। ਪੇਕੇ ਪਰਵਾਰ ਵਿਚਲਾ ਭਰਾ ਦਾ ਸਾਕ ਅਜਿਹਾ ਰਿਸ਼ਤਾ ਹੈ, ਜੋ ਭਾਵਨਾਤਮਕ ਤੌਰ 'ਤੇ ਬਹੁਤ ਗੂੜ੍ਹਾ ਹੁੰਦਾ ਹੈ। ਇਹ ਰਿਸ਼ਤਾ ਅਜਿਹਾ ਹੁੰਦਾ ਹੈ ਕਿ ਭੈਣ ਆਪਣੇ ਭਰਾ ਦੀ ਹੱਤਕ ਸਹਿਣ ਨਹੀਂ ਕਰ ਸਕਦੀ, ਪਰ ਵਿਆਹ ਤੋਂ ਬਾਅਦ ਕਈ ਵਾਰ ਸਥਿਤੀ ਅਜਿਹੀ ਬਣ ਜਾਂਦੀ ਹੈ ਕਿ ਔਰਤ ਭਰਾ ਦੀ ਹੱਤਕ ਸਹਿੰਦੀ ਵੀ ਹੈ ਅਤੇ ਇਸ ਦਾ ਸਮਰਥਨ ਵੀ ਕਰਦੀ ਹੈ।

# ਜਦੋਂ ਮੈਂ ਇੰਟਰਵਿਊ ਦੇਣ ਗਿਆ

-ਨਵਦੀਪ ਸਿੰਘ ਭਾਟੀਆ



ਸਿਰਫ 21 ਸਾਲ ਦੀ ਉਮਰ ਵਿੱਚ ਐਮ ਏ ਅੰਗਰੇਜ਼ੀ ਕਰਕੇ ਮੈਂ ਆਪਣੇ ਸ਼ਹਿਰ ਖੰਨਾ ਦੇ ਇਕ ਪ੍ਰਾਈਵੇਟ ਸਕੂਲ 'ਚ ਅਧਿਆਪਕ ਦੀ ਆਸਾਮੀ ਲਈ ਅਰਜ਼ੀ ਦੇਣ ਗਿਆ। ਉਸ ਸਕੂਲ ਦੇ ਪ੍ਰਿੰਸੀਪਲ ਨੇ ਮੈਨੂੰ ਇਹ ਕਹਿ ਕੇ ਨਿਰਾਸ਼ ਕਰ ਦਿੱਤਾ ਕਿ ਸਾਰੀਆਂ ਪੋਸਟਾਂ ਭਰ ਗਈਆਂ ਹਨ, ਅਗਲੇ ਸਾਲ ਤੁਹਾਡੇ ਬਾਰੇ ਸੋਚਾਂਗੇ। ਮੈਂ ਸਤਿ ਸ੍ਰੀ ਅਕਾਲ ਬੁਲਾ ਕੇ ਜਦੋਂ ਦਫਤਰ 'ਚੋਂ ਬਾਹਰ ਜਾਣ ਲੱਗਾ, ਮੈਨੂੰ ਇਕ ਆਵਾਜ਼ ਨੇ ਰੋਕ ਲਿਆ। 'ਤੁਸੀਂ ਮੇਰੇ ਸਕੂਲ ਮਾਛੀਵਾੜੇ ਪੜ੍ਹਾਉਣ ਆ ਸਕਦੇ ਹੋ?' ਖੰਨਾ ਸ਼ਹਿਰ ਦੇ ਪ੍ਰਿੰਸੀਪਲ ਦੇ ਪ੍ਰਿੰਸੀਪਲ ਸਾਥੀ ਨੇ ਮੈਨੂੰ ਪੁੱਛਿਆ। ਉਹ ਚੋਪੜਾ ਪਬਲਿਕ ਸਕੂਲ ਮਾਛੀਵਾੜੇ ਦੇ ਪ੍ਰਿੰਸੀਪਲ ਸਨ। ਜਦੋਂ ਮੈਂ ਅਰਜ਼ੀ ਦੇਣ ਗਿਆ ਤਾਂ ਉਹ ਉਥੇ ਹੀ ਬੈਠੇ ਵੇਖ ਰਹੇ ਸਨ। ਮੇਰੀਆਂ ਅੱਖਾਂ ਵਿੱਚ ਚਮਕ ਆਈ ਤੇ ਮੈਂ ਤੁਰੰਤ ਹਾਂ ਵਿੱਚ ਸਿਰ ਹਿਲਾ ਦਿੱਤਾ। ਮਾਛੀਵਾੜਾ ਮੇਰੇ ਖੰਨਾ ਸ਼ਹਿਰ ਤੋਂ 25 ਕਿਲੋਮੀਟਰ ਦੂਰ ਸੀ। ਮੇਰੇ ਘਰੋਗੀ ਹਾਲਾਤ ਨੇ ਮੈਨੂੰ ਇਸ ਉਮਰ 'ਚ ਕੰਮ ਕਰਨ ਲਈ ਮਜਬੂਰ ਕਰ ਦਿੱਤਾ। ਉਂਜ ਇਹ ਉਮਰ ਘੁੰਮਣ ਫਿਰਨ ਦੀ ਹੁੰਦੀ ਹੈ, ਪਰ ਐਸ਼ ਵੀ ਕੈਸ਼ ਨਾਲ ਹੁੰਦੀ ਹੈ। ਮੈਨੂੰ ਯਾਦ ਹੈ ਕਿ ਮੇਰੇ ਕਈ ਮਿੱਤਰ ਰਈਸ ਖਾਨਦਾਨਾਂ ਵਿੱਚੋਂ ਸਨ। ਪੈਸੇ ਦੀ ਕੋਈ ਚਿੰਤਾ ਨਹੀਂ ਸੀ। ਮੋਟਰ ਸਾਈਕਲਾਂ 'ਤੇ ਕਾਲਜ ਪੜ੍ਹਨ ਆਉਂਦੇ ਸੀ ਅਤੇ ਬਾਪੂ ਦੇ ਪੈਸੇ ਕੰਟੀਨ 'ਚ ਬੈਠ ਕੇ ਉਡਾਉਂਦੇ ਸੀ। ਸਾਡੇ ਕਾਲਜ ਵੱਲੋਂ ਹਰ ਸਾਲ ਦੂਰ ਦੁਰਾਡੇ ਦੇ ਸਟੇਸ਼ਨ 'ਤੇ ਜਾਂਦੇ ਸਨ, ਪਰ ਮੈਂ ਇਕ ਵਾਰੀ ਵੀ ਨਾ ਜਾ ਸਕਿਆ। ਪੈਸੇ ਦੀ ਥੁੜ੍ਹ ਕਰਕੇ ਮਾਛੀਵਾੜੇ ਸਕੂਲ 'ਚ ਮੈਨੂੰ 1000 ਰੁਪਏ ਤਨਖਾਹ ਮਿਲਦੀ ਸੀ। 300 ਰੁਪਏ ਬੱਸ ਦੇ ਕਿਰਾਏ 'ਤੇ ਖਰਚ ਹੋ ਜਾਂਦੇ ਸੀ। ਵਕਤ ਨੂੰ ਧੱਕਾ ਦੇ ਰਿਹਾ ਸੀ। ਆਸ ਦੀ ਕੋਈ ਕਿਰਨ ਨਜ਼ਰ ਨਹੀਂ ਆਉਂਦੀ ਸੀ। ਉਸ ਵੇਲੇ ਵੀ ਬੇਰੁਜ਼ਗਾਰੀ ਕਾਫੀ ਜ਼ਿਆਦਾ ਸੀ। ਲੋਕ ਉਦੋਂ ਵੀ ਨੌਕਰੀਆਂ ਲਈ ਤਰਸਦੇ ਰਹਿੰਦੇ ਸਨ।

ਮੈਂ ਉਸ ਸਕੂਲ ਵਿੱਚ ਇਕ ਸਾਲ ਪੜ੍ਹਾਇਆ। ਘਰ ਟਿਊਸ਼ਨਾਂ ਵੀ ਪੜ੍ਹਾਈਆਂ, ਪਰ ਇਹ ਕੰਮ ਪੱਕਾ ਨਾ ਹੋਣ ਕਰਕੇ ਮੈਨੂੰ ਸੰਤੁਸ਼ਟੀ ਨਾ ਹੋਈ। ਮੇਰੇ ਨਾਨਕੇ ਹੈਸੋਵਾਲ, ਲੁਧਿਆਣੇ ਸਨ। ਮਾਮੀ ਜੀ ਨੇ ਇਕ ਛੋਟਾ ਜਿਹਾ ਪ੍ਰਾਈਵੇਟ ਸਕੂਲ ਖੋਲ੍ਹਿਆ ਹੋਇਆ ਸੀ। ਉਨ੍ਹਾਂ ਨੇ ਮੇਰੀ ਮਾਤਾ ਜੀ ਨੂੰ ਸਲਾਹ ਦਿੱਤੀ ਕਿ ਸਾਡੇ ਸਕੂਲ ਦੇ ਸਾਹਮਣੇ ਇਕ ਪਲਾਟ ਹੈ, ਉਹ ਖਰੀਦ ਲਵੋ ਅਤੇ ਉਥੇ ਬਿਲਡਿੰਗ ਉਸਾਰ ਕੇ ਸਕੂਲ ਦੀ ਇਕ ਹੋਰ ਬਰਾਂਚ ਖੋਲ੍ਹ ਲਵਾਂਗੇ। ਮੇਰੇ ਮਾਤਾ ਪਿਤਾ ਨੇ ਪਲਾਟ ਲੈ ਲਿਆ। ਸਕੂਲ ਖੋਲ੍ਹਣ ਲਈ ਪੈਸੇ ਦੀ ਲੋੜ ਸੀ, ਇਸ ਲਈ ਖੰਨੇ ਵਾਲਾ ਘਰ ਵੇਚਣ 'ਤੇ ਲਾ ਦਿੱਤਾ। ਜਦੋਂ ਘਰ ਨਾ ਵਿਕਿਆ ਤਾਂ ਮੇਰੀ ਮਾਤਾ ਨੂੰ ਇੰਨੀ ਫਿਕਰ ਹੋ ਗਈ ਕਿ ਉਨ੍ਹਾਂ ਦੇ ਦਿਮਾਗ ਦੀ ਨਾੜ ਫੱਟ ਗਈ। ਉਨ੍ਹਾਂ ਨੂੰ ਲੁਧਿਆਣਾ ਦੇ ਦਯਾਨੰਦ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ, ਜਿਥੇ ਉਹ ਦੋ ਕੁ ਮਹੀਨੇ ਰਹੇ। ਚੰਗੀ ਕਿਸਮਤ ਨਾਲ ਉਹ ਬਚ ਗਏ, ਪਰ ਇਸ ਉਲਝਣ 'ਚ ਸਕੂਲ ਖੋਲ੍ਹਣ ਦਾ ਸੁਪਨਾ ਮਿੱਟੀ 'ਚ ਮਿਲ ਗਿਆ।

ਸਾਡੇ ਇਕ ਰਿਸ਼ਤੇਦਾਰ ਨੇ ਮੈਨੂੰ ਬੀ ਐਡ ਕਰਨ ਦੀ ਸਲਾਹ ਦਿੱਤੀ। ਸਾਡੇ ਸਮੇਂ ਪਹਿਲੀ ਵਾਰ ਬੀ ਐਡ ਦੀ ਦਾਖਲਾ ਪ੍ਰੀਖਿਆ ਸ਼ੁਰੂ ਹੋਈ ਸੀ। ਉਸ ਵਿੱਚ ਮੈਰਿਟ ਕਾਫੀ ਉਚੀ ਹੋਣ ਕਰਕੇ ਮੈਨੂੰ ਸਟੇਟ ਕਾਲਜ ਆਫ ਐਜੂਕੇਸ਼ਨ ਵਿਖੇ ਦਾਖਲਾ ਮਿਲ ਗਿਆ। ਬੀ ਐਡ ਕਰਨ ਤੋਂ ਬਾਅਦ ਮੈਨੂੰ ਖੰਨੇ ਸ਼ਹਿਰ ਦੇ ਉਸ ਸਕੂਲ ਵਿੱਚ ਨੌਕਰੀ ਮਿਲ ਗਈ, ਜਿਥੇ ਪਹਿਲੀ ਵਾਰ ਮੈਂ ਅਸਾਮੀ ਲਈ ਅਰਜ਼ੀ ਦੇਣ ਗਿਆ ਸੀ। ਇਸ ਸਕੂਲ ਵਿੱਚ ਮੈਂ ਤਿੰਨ ਸਾਲ ਪੜ੍ਹਾਇਆ। ਭਾਵੇਂ ਇਹ ਨੌਕਰੀ ਪ੍ਰਾਈਵੇਟ ਸੀ, ਪਰ ਡੰਗ ਟਪਾਈ ਹੋ ਰਹੀ ਸੀ। ਚੰਗੇ ਭਾਗਾਂ ਨਾਲ 1996 'ਚ ਅਧਿਆਪਕਾਂ ਦੀ ਸਰਕਾਰੀ ਨੌਕਰੀ ਦੀ ਭਰਤੀ ਵਾਲਾ ਇਸ਼ਤਿਹਾਰ ਨਿਕਲ ਆਇਆ। ਮੈਂ ਅਪਲਾਈ ਕਰ ਦਿੱਤਾ। ਇੰਟਰਵਿਊ ਦੀ ਮਿਤੀ ਆਈ, ਜਿਸ ਦਾ ਟਰੇਨਿੰਗ ਸੈਂਟਰ ਲੁਧਿਆਣਾ ਸੀ। ਉਸ ਸਮੇਂ ਵੱਖ-ਵੱਖ ਵਿਸ਼ਿਆਂ 'ਚ ਅਸਾਮੀਆਂ ਦੀ ਗਿਣਤੀ ਕਾਫੀ ਸੀ, ਕਿਉਂਕਿ ਇਸ ਤੋਂ ਪਹਿਲੇ ਦਹਾਕੇ 'ਚ ਪੰਜਾਬ ਬੁਰੇ ਦੌਰ 'ਚੋਂ ਲੰਘ ਰਿਹਾ ਸੀ। ਇਸ ਵਾਰੀ ਤਾਂ ਭਰਤੀ ਦਾ ਹੜ੍ਹ ਆ ਗਿਆ ਲੱਗਦਾ ਸੀ।

ਇੰਟਰਵਿਊ ਵਾਲੇ ਦਿਨ ਮੈਂ ਇੰਟਰਵਿਊ ਵਾਲੇ ਕੇਂਦਰ ਸਮੇਂ ਸਿਰ ਪੁੱਜ ਗਿਆ। ਕਾਫੀ ਗਹਿਮਾ ਗਹਿਮੀ ਸੀ। ਮਾਹੌਲ ਉਤਸੁਕਤਾ ਤੇ ਘਬਰਾਹਟ ਵਾਲਾ ਸੀ। ਹਰ ਚਿਹਰਾ ਗੰਭੀਰ ਵਿਖਾਈ ਦੇ ਰਿਹਾ ਸੀ। ਇੰਟਰਵਿਊ ਵਾਲੇ ਕਮਰੇ ਦੇ ਬਾਹਰ ਇਕ ਵਿਅਕਤੀ ਦੀ ਡਿਊਟੀ ਲੱਗੀ ਹੋਈ ਸੀ, ਜੋ ਹਾਕ ਮਾਰ ਕੇ ਇਕ-ਇਕ ਉਮੀਦਵਾਰ ਨੂੰ ਅੰਦਰ ਬੁਲਾ ਰਿਹਾ ਸੀ। ਜਦੋਂ ਕੋਈ ਇੰਟਰਵਿਊ ਦੇ ਕੇ ਬਾਹਰ ਆਉਂਦਾ ਤਾਂ ਉਸ ਨੂੰ ਇਉਂ ਮਿਲਿਆ ਜਾਂਦਾ ਜਿਵੇਂ ਚਿਰੋਕਣਾ ਵਿਛੜਿਆ ਹੋਵੇ। ਉਸ ਨੂੰ ਘੇਰ ਕੇ ਜਾਣਕਾਰੀ ਲਈ ਜਾਂਦੀ ਕਿ ਕਿਹੋ ਜਿਹੇ ਪ੍ਰਸ਼ਨ ਪੁੱਛੇ ਜਾ ਰਹੇ ਨੇ। ਕਈ ਤਾਂ ਕਿਤਾਬਾਂ ਅਤੇ ਗਾਈਡਾਂ ਖੋਲ੍ਹ ਕੇ ਪ੍ਰਸ਼ਨਾਂ ਦੇ ਉਤਰ ਰੱਟ ਰਹੇ ਸਨ। ਕਈ ਪਾਣੀ ਪੀ-ਪੀ ਕੇ ਗਿਲਾਸ ਖਾਲੀ ਕਰੀ ਜਾ ਰਹੇ ਸਨ।

ਕਈ ਇੰਟਰਵਿਊ ਦੇ ਕੇ ਖੁਸ਼ੀ-ਖੁਸ਼ੀ ਬਾਹਰ ਆ ਰਹੇ ਸਨ ਅਤੇ ਕਈਆਂ ਦੇ ਚਿਹਰੇ 'ਤੇ ਉਦਾਸੀ ਛਾਈ ਹੋਈ ਸੀ। ਮੇਰੇ ਹੱਥ ਵਿੱਚ ਨਾ ਕਿਤਾਬ ਸੀ ਅਤੇ ਨਾ ਪਾਣੀ ਦਾ ਗਿਲਾਸ। ਮੈਂ ਹੋਰ ਸੋਚਾਂ ਵਿੱਚ ਗੁਆਚਿਆ ਹੋਇਆ ਸੀ। ਮੈਨੂੰ ਆਪਣੇ ਪਿਤਾ ਜੀ ਦੀ ਕਹੀ ਗੱਲ ਯਾਦ ਆ ਰਹੀ ਸੀ, 'ਬੇਟਾ ਨਾ ਸਾਡੇ ਕੋਲ ਜ਼ਮੀਨ ਹੈ ਤੇ ਨਾ ਕਾਰੋਬਾਰ। ਬਸ ਜੋ ਤੈਨੂੰ ਪੜ੍ਹਾ ਦਿੱਤਾ, ਉਹੀ ਸਾਡੀ ਜਾਇਦਾਦ ਹੈ।' ਇਨ੍ਹਾਂ ਸ਼ਬਦਾਂ ਵਿੱਚ ਮੈਂ ਉਲਝ ਜਿਹਾ ਗਿਆ।

ਏਨੇ 'ਚ ਮੇਰੇ ਨਾਂ ਦੀ ਹਾਕ ਪਈ। ਮੈਂ ਆਪਣੀ ਕੱਛ ਵਿੱਚ ਦਿੱਤੀ ਫਾਈਲ ਕੱਢ ਕੇ ਆਪਣੇ ਹੱਥ 'ਚ ਫੜ ਲਈ ਅਤੇ ਬੜੇ ਸਲੀਕੇ ਨਾਲ ਇਜਾਜ਼ਤ ਲੈ ਕੇ ਅੰਦਰ ਦਾਖਲ ਹੋਇਆ। ਇੰਟਰਵਿਊ ਲੈਣ ਵਾਲੇ ਪੈਨਲ 'ਚ ਚਾਰ ਮੈਡਮਾਂ ਤੇ ਦੋ ਸਰ ਸਨ। ਉਨ੍ਹਾਂ ਨੇ ਮੇਰੇ ਵੱਲ ਵੇਖਿਆ ਤੇ ਖਾਲੀ ਕਰਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ। ਉਨ੍ਹਾਂ ਨੇ ਇਕ ਤੋਂ ਬਾਅਦ ਇਕ-ਇਕ ਕਰ ਕੇ ਮੈਨੂੰ ਪੰਜ ਪ੍ਰਸ਼ਨ ਪੁੱਛੇ। ਚੰਗੀ ਕਿਸਮਤ ਨਾਲ ਸਾਰੇ ਸਵਾਲਾਂ ਦੇ ਉਤਰ ਆਉਂਦੇ ਸਨ। ਇੰਟਰਵਿਊ ਲੈਣ ਵਾਲਿਆਂ ਵਿੱਚੋਂ ਇਕ ਮੈਡਮ ਨੇ ਮੈਨੂੰ ਪੁੱਛਿਆ ਕਿ ਤੂੰ ਵਿਆਹਿਆ ਹੋਇਆ ਹੈ? ਮੈਂ 'ਹਾਂ' ਵਿੱਚ ਉਤਰ ਦਿੱਤਾ। ਇਕ ਮੈਡਮ ਆਖਣ ਲੱਗੀ ਕਿ ਤੈਨੂੰ ਤਾਂ ਵਕੀਲ ਜਾਂ ਅਫਸਰ ਬਣਨਾ ਚਾਹੀਦਾ ਸੀ। ਮੈਂ ਬੜੀ ਹਲੀਮੀ ਨਾਲ ਕਿਹਾ ਕਿ ਜੇ ਮਾਸਟਰ ਦੀ ਨੌਕਰੀ ਮਿਲ ਜਾਵੇ, ਉਹ ਮੇਰੇ ਲਈ ਕਾਫੀ ਹੈ। ਜਵਾਬ ਸੁਣ ਕੇ ਉਹ ਮੈਡਮ ਖੁਸ਼ ਹੋ ਗਈ ਤੇ ਕਿਹਾ, 'ਬੇਟਾ ਸ਼ਾਬਾਸ਼! ਨਿਸ਼ਚਿੰਤ ਹੋ ਜਾਵੋ।' ਇਹ ਸ਼ਾਬਾਸ਼ੀ ਮੇਰੇ ਲਈ ਇਕ ਸ਼ੁਭ ਸੰਕੇਤ ਸੀ।

ਮੈਂ ਖਿੜੇ ਚਿਹਰੇ ਨਾਲ ਬਾਹਰ ਆ ਗਿਆ। ਇਕ ਮਹੀਨੇ ਬਾਅਦ ਵੱਖ-ਵੱਖ ਅਖਬਾਰਾਂ 'ਚ ਨਤੀਜਾ ਆ ਗਿਆ। ਚੁਣੇ ਗਏ ਸੁਭਾਗੇ ਉਮੀਦਵਾਰਾਂ 'ਚ ਆਪਣਾ ਨਾਂ ਪੜ੍ਹ ਕੇ ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਮੇਰੀ ਨਿਯੁਕਤੀ ਬਤੌਰ ਸੋਸ਼ਲ ਸਟੱਡੀ ਮਾਸਟਰ ਮੋਗਾ ਜ਼ਿਲੇ ਦੇ ਪਿੰਡ ਸਰਕਾਰੀ ਹਾਈ ਸਕੂਲ ਚੰਦ ਨਵਾਂ ਵਿਖੇ ਹੋਈ, ਜੋ ਮੇਰੇ ਘਰ ਤੋਂ ਬਹੁਤ ਦੂਰ ਸੀ। ਮੈਨੂੰ ਸਰਕਾਰੀ ਨੌਕਰੀ ਪਾ ਕੇ ਵਿਆਹ ਜਿੰਨਾ ਚਾਅ ਸੀ। ਦਸ ਸਾਲ ਬਾਅਦ ਮੇਰੀ ਤਰੱਕੀ ਬਤੌਰ ਅੰਗਰੇਜ਼ੀ ਲੈਕਚਰਾਰ ਹੋ ਗਿਆ। ਆਪਣੇ ਅਧਿਆਪਕ ਕਿੱਤੇ ਤੋਂ ਮੈਂ ਸੰਤੁਸ਼ਟ ਹਾਂ ਅਤੇ ਉਮੀਦ ਕਰਦਾ ਹਾਂ ਕਿ ਸੇਵਾ ਮੁਕਤੀ ਤੱਕ ਮੈਂ ਇਸ ਪ੍ਰਤੀ ਇਮਾਨਦਾਰ ਰਹਿ ਕੇ ਡਿਊਟੀ ਨਿਭਾਉਂਦਾ ਰਹਾਂਗਾ।

# ਹਲਕਾ ਫੁਲਕਾ

ਗੁੱਲੂ ਦਾ ਰੇਡੀਓ ਖਰਾਬ ਹੋ ਗਿਆ। ਉਸ ਨੇ ਰੇਡੀਓ ਖੋਲ੍ਹ ਕੇ ਦੇਖਿਆ ਤਾਂ ਉਸ ਵਿੱਚ ਚੂਹਾ ਮਰਿਆ ਪਿਆ ਸੀ।

ਉਹ ਤੁਰੰਤ ਬੋਲਿਆ, ''ਓਹ ਤੇਰੀ! ਚੱਲੇਗਾ ਕਿਵੇਂ? ਸਾਲਾ ਸਿੰਗਰ ਹੀ ਮਰ ਗਿਆ।''

*********

ਸਾਧੂ, ''ਬੱਚਾ, ਲਿਆ ਕੁਝ ਭੇਟਾ ਦਿੰਦਾ ਜਾ। ਤੈਨੂੰ ਸਵਰਗ ਮਿਲੇਗਾ।''

ਮੁੰਡਾ, ''ਠੀਕ ਹੈ, ਭੇਟਾ ਵਿੱਚ ਮੈਂ ਤੁਹਾਨੂੰ ਦਿੱਲੀ ਦਿੱਤੀ।''

ਸਾਧੂ, ''ਦਿਲੀ ਕੀ ਤੇਰੀ ਹੈ, ਜੋ ਮੈਨੂੰ ਦੇ ਰਿਹਾ ਏਂ?''

ਮੁੰਡਾ, ''...ਤਾਂ ਸਵਰਗ ਕਿਹੜਾ ਤੁਹਾਡੇ ਪਿਤਾ ਨੇ ਖਰੀਦਿਆ ਹੋਇਆ ਹੈ, ਜੋ ਤੁਸੀਂ ਉਧਰ ਦੇ ਪਲਾਟ ਇਥੇ ਵੰਡੀ ਜਾ ਰਹੇ ਹੋ?''

*********

ਅੱਠਵੀਂ 'ਚ ਪੜ੍ਹ ਰਹੇ ਹਨੀ ਨੇ ਅਖਬਾਰ ਪੜ੍ਹਨ ਵਿੱਚ ਗੁਆਚੇ ਪਿਤਾ ਤੋਂ ਡਰਦੇ ਡਰਦੇ ਪੁੱਛਿਆ, ''ਅਕਬਰ ਦੀ ਸ਼ਾਸਨ ਪ੍ਰਣਾਲੀ 'ਤੇ ਇੱਕ 'ਨੋਟ' ਲਿਖਵਾ ਦਿਓਗੇ।''

''ਹਾਂ ਹਾਂ ਲਿਖਵਾ ਦਿੰਦਾ ਹਾਂ, ਪਰ ਤੂੰ ਆਪਣੀ ਮਾਂ ਨੂੰ ਕਿਉਂ ਨਹੀਂ ਕਹਿੰਦਾ।''

''ਅਸਲ 'ਚ ਮੈਂ ਨੋਟ ਲਿਖਣਾ ਹੈ, ਨਾਵਲ ਨਹੀਂ।'' ਸਿਰ ਖੁਰਕਦੇ ਹੋਏ ਹਨੀ ਨੇ ਜਵਾਬ ਦਿੱਤਾ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ




JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

www.AREA REALTOR.com




KAMAL SANDHU
Sales Representative
647.891.0143
905.488.2100 ext. 407

# ਭਾਜਪਾ ਦੇ ਅਜੇਤੂ ਹੋਣ ਦਾ ਭਰਮ ਟੁੱਟਿਆ

-ਰਾਜੇਸ਼ ਰਾਮਾਚੰਦਰਨ

ਸੈਮੀ ਫਾਈਨਲ ਖਤਮ ਹੋ ਗਿਆ ਹੈ ਤੇ ਨਤੀਜਾ ਬਿਲਕੁਲ ਸਾਫ ਤੇ ਸਪੱਸ਼ਟ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਵਕਤ ਹਿੰਦੀ ਭਾਸ਼ੀ ਖੇਤਰ ਦੇ ਹਿਰਦੇ ਸਮਰਾਟ ਨਹੀਂ ਰਹਿ ਗਏ। ਰਾਹੁਲ ਗਾਂਧੀ ਦੀ ਅਗਵਾਈ ਹੇਠਲੀ ਕਾਂਗਰਸ ਨੇ ਅਚਨਚੇਤ 3-0 ਨਾਲ ਬਾਜ਼ੀ ਜਿੱਤ ਕੇ ਸਾਬਤ ਕਰ ਦਿੱਤਾ ਹੈ ਕਿ ਪਿਛਲੇ 15 ਸਾਲਾਂ ਤੋਂ ਕਾਂਗਰਸ ਦਾ ਜਥੇਬੰਦਕ ਢਾਂਚਾ ਭਾਵੇਂ ਬੇਹਿੱਸ ਹੋਇਆ ਰਿਹਾ, ਇਸ ਦੇ ਬਾਵਜੂਦ ਪਾਰਟੀ ਕੇਂਦਰ ਅਤੇ ਰਾਜਾਂ ਵਿੱਚ ਭਾਜਪਾ ਸਰਕਾਰ ਅਤੇ ਜ਼ਮੀਨੀ ਪੱਧਰ 'ਤੇ ਮਜ਼ਬੂਤ ਸੰਘ ਪਰਵਾਰ ਦੇ ਕੇਡਰ ਦਾ ਅਸਰਦਾਰ ਢੰਗ ਨਾਲ ਟਾਕਰਾ ਕਰ ਸਕਦੀ ਹੈ। 'ਪੰਨਾ ਪ੍ਰਮੁੱਖ' ਅਤੇ 'ਵਟਸਐਪ ਪ੍ਰਮੁੱਖ' ਭਾਵੇਂ ਕਿਸੇ ਵੀ ਹੱਦ ਤੱਕ ਚਲੇ ਜਾਣ, ਪਰ ਆਖਰੀ ਪਲਾਂ ਉੱਤੇ ਜਦੋਂ ਬੁਰਿਆਂ 'ਚੋਂ ਘੱਟ ਬੁਰੇ ਦੀ ਚੋਣ ਕਰਨ ਲਈ ਵੋਟਰ ਜਾਂਦਾ ਹੈ ਤਾਂ ਉਹ ਇਕੱਲਾ ਹੁੰਦਾ ਹੈ।

ਰਾਹੁਲ ਗਾਂਧੀ ਦੀ ਇਸੇ ਗੱਲ ਨੇ ਕਾਂਗਰਸ ਵਿੱਚ ਜਾਨ ਫੂਕਣ ਦਾ ਕੰਮ ਕੀਤਾ ਹੈ। ਪਿਛਲੇ ਸਾਲ ਪ੍ਰਧਾਨ ਮੰਤਰੀ ਦੇ ਜੱਦੀ ਸੂਬੇ ਗੁਜਰਾਤ ਵਿੱਚ ਮੰਦਰ-ਮੰਦਰ ਘੁੰਮਣ ਅਤੇ ਫਿਰ ਅਸੈਂਬਲੀ ਚੋਣਾਂ ਵਿੱਚ 12 ਕੁ ਸੀਟਾਂ ਦੇ ਫਰਕ ਨਾਲ ਫਸਵੀਂ ਟੱਕਰ ਦੇਣ ਤੋਂ ਬਾਅਦ ਹੀ ਕਾਂਗਰਸ ਨੇ ਬਿਨਾਂ ਸ਼ੱਕ ਦਿਖਾ ਦਿੱਤਾ ਸੀ ਕਿ ਇਹ ਭਾਜਪਾ ਨੂੰ ਉਸ ਦੇ ਗੜ੍ਹ ਵਿੱਚ ਵੀ ਪਸੀਨੇ ਲਿਆਉਣ ਦਾ ਮਾਦਾ ਰੱਖਦੀ ਹੈ। ਪਿਛਲੇਰੇ ਮੰਗਲਵਾਰ ਨੂੰ ਆਏ ਚੋਣ ਨਤੀਜੇ ਕਾਂਗਰਸ ਦੀ ਸੁਰਜੀਤੀ ਦੇ ਉਸ ਅਮਲ ਦਾ ਦਲੀਲ ਵਾਲਾ ਸਿੱਟਾ ਹਨ, ਜੋ ਗੁਜਰਾਤ ਤੋਂ ਸ਼ੁਰੂ ਹੋਇਆ ਸੀ। 2014 ਦੀਆਂ ਚੋਣਾਂ ਵਿੱਚ ਭਾਜਪਾ ਨੇ ਪੂਰਬ ਵਿੱਚ ਬਿਹਾਰ ਅਤੇ ਪੱਛਮ ਵਿੱਚ ਗੁਜਰਾਤ ਤੱਕ ਜਿੱਤ ਦਾ ਝੰਡਾ ਝੁਲਾਇਆ ਸੀ ਤੇ ਗਊ ਪੱਟੀ ਵਿੱਚ ਇਸ ਨੇ 90 ਫੀਸਦੀ ਸੀਟਾਂ ਹਾਸਲ ਕੀਤੀਆਂ ਸਨ। 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਫੌਰੀ ਬਾਅਦ ਮੋਦੀ ਲਹਿਰ ਉਤਰ ਪ੍ਰਦੇਸ਼ ਵਿੱਚ ਸੁਨਾਮੀ ਦਾ ਰੂਪ ਧਾਰ ਗਈ ਅਤੇ 403 ਮੈਂਬਰੀ ਸਦਨ ਵਿੱਚ ਪਾਰਟੀ ਨੇ 312 ਸੀਟਾਂ ਜਿੱਤੀਆਂ ਸਨ। ਐਤਕੀਂ ਉਹ ਲਹਿਰ ਪਿੱਛੇ ਨੂੰ ਮੁੜੀ ਅਤੇ ਖੇਤੀਬਾੜੀ ਸੰਕਟ, ਸ਼ਾਸਨ ਦੀ ਨਾਕਾਮੀ, ਬੇਰੁਜ਼ਗਾਰੀ ਵਰਗੇ ਮੁੱਦਿਆਂ ਦੇ ਆਧਾਰ 'ਤੇ ਚੋਣ ਲੜਾਈ ਹੋ ਰਹੀ ਹੈ।

ਇਸ ਮੋੜੇ ਨਾਲ ਚਾਰ ਮਹੀਨੇ ਬਾਅਦ ਹੋ ਰਹੀਆਂ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਫਸਵੀਂ ਟੱਕਰ ਹੁੰਦੀ ਜਾਪਦੀ ਹੈ। ਸਾਲ 2014 ਵਿੱਚ ਭਾਜਪਾ ਨੇ ਮੱਧ ਪ੍ਰਦੇਸ਼ ਦੀਆਂ 29 ਵਿੱਚੋਂ 27 ਸੀਟਾਂ, ਰਾਜਸਥਾਨ ਵਿੱਚ ਸਾਰੀਆਂ 25 ਸੀਟਾਂ ਅਤੇ ਛੱਤੀਸਗੜ੍ਹ ਦੀਆਂ 11 ਵਿੱਚੋਂ 10 ਸੀਟਾਂ ਜਿੱਤੀਆਂ ਸਨ। ਸਾਲ 2019 ਦੀਆਂ ਚੋਣਾਂ ਤੋਂ ਪਹਿਲਾਂ ਝਾਤੀ ਮਾਰਨ 'ਤੇ ਸਿੱਧੀ ਲੜਾਈ ਵਾਲੇ ਰਾਜਾਂ ਵਿੱਚ ਪਾਸਾ ਕਿਸੇ ਪਾਸੇ ਵੀ ਝੁਕ ਸਕਦਾ ਹੈ ਤੇ ਅਚਾਨਕ ਕਾਂਗਰਸ ਏਥੇ ਵਿਰੋਧੀ ਧਿਰ ਦੇ ਮੁਹਾਜ਼ ਦੀ ਅਗਵਾਈ ਕਰਨ ਦਾ ਟਿਕਾਊ ਬਦਲ ਬਣ ਕੇ ਉਭਰੀ ਹੈ। ਇਨ੍ਹਾਂ ਚੋਣ ਨਤੀਜਿਆਂ ਨੇ ਰਾਸ਼ਟਰਵਾਦੀ ਕਾਂਗਰਸ ਪਾਰਟੀ, ਰਾਸ਼ਟਰੀ ਜਨਤਾ ਦਲ, ਡੀ ਐਮ ਕੇ, ਤ੍ਰਿਣਮੂਲ ਕਾਂਗਰਸ ਆਦਿ ਕਾਂਗਰਸ ਦੀਆਂ ਸਹਿਯੋਗੀ ਪਾਰਟੀਆਂ ਨੂੰ ਕਦਮ ਤਾਲ ਲਈ ਹੌਸਲਾ ਬਖਸ਼ਿਆ ਹੈ ਅਤੇ ਨਾਲ ਮਾਇਆਵਤੀ ਤੇ ਅਖਿਲੇਸ਼ ਯਾਦਵ ਨੂੰ ਨਵੇਂ ਸਿਰਿਓਂ ਲੇਖਾ ਜੋਖਾ ਕਰਨਾ ਪਿਆ ਹੈ।

ਰਾਹੁਲ ਗਾਂਧੀ ਨੇ ਜਿਵੇਂ ਪੰਜਾਬ ਵਿੱਚ ਵਾਂਗਡੋਰ ਕੈਪਟਨ ਅਮਰਿੰਦਰ ਸਿੰਘ ਦੇ ਹੱਥ ਸੌਂਪੀ ਸੀ, ਉਵੇਂ ਮੱਧ ਪ੍ਰਦੇਸ਼ ਵਿੱਚ ਚੋਣ ਮੁਹਿੰਮ ਦੀ ਕਮਾਨ ਦੀ ਅਗਵਾਈ ਤੇ ਚੋਣਾਂ ਲਈ ਫੰਡ ਜੁਟਾਉਣ ਦਾ ਜ਼ਿੰਮਾ ਕਮਲ ਨਾਥ ਨੂੰ ਸੌਂਪਣ ਦੇ ਕਦਮ ਨਾਲ ਫਸਵੀਂ ਲੜਾਈ ਵਿੱਚ ਕਾਂਗਰਸ ਜੇਤੂ ਹੋ ਕੇ ਨਿਕਲੀ। ਅਸ਼ੋਕ ਗਹਿਲੋਤ ਵਰਗੇ ਘਾਗ ਰਣਨੀਤੀਕਾਰ ਦੀਆਂ ਸੇਵਾਵਾਂ ਦੀ ਘਾਟ ਰਾਹੁਲ ਗਾਂਧੀ ਨੂੰ ਪਹਿਲਾਂ ਕਾਫੀ ਰੜਕਦੀ ਰਹੀ ਸੀ। ਗੁਜਰਾਤ ਚੋਣਾਂ ਨੇ ਇਹ ਖੱਪਾ ਭਰ ਦਿੱਤਾ। ਅੱਗੋਂ ਬਹਿਸ ਦਾ ਮੁੱਦਾ ਇਹ ਨਹੀਂ ਕਿ ਗਹਿਲੋਤ ਰਾਜਸਥਾਨ ਵਿੱਚ ਸਰਕਾਰ ਦੀ ਅਗਵਾਈ ਕਰਦੇ ਹਨ ਜਾਂ ਰਾਹੁਲ ਗਾਂਧੀ ਦੇ ਸਿਆਸੀ ਸਕੱਤਰ ਬਣਦੇ ਹਨ। ਅਹਿਮ ਗੱਲ ਇਹ ਹੈ ਕਿ ਪਹਿਲਾਂ ਦੇ ਮੁਕਾਬਲੇ ਰਾਹੁਲ ਨੇ ਤਜਰਬੇਕਾਰ ਆਗੂਆਂ ਦੀ ਅਹਿਮੀਅਤ ਪਛਾਣੀ ਹੈ ਤਾਂ ਕਿ ਚੋਣ ਮੁਹਿੰਮਾਂ ਦੀ ਸੁਚੱਜੀ ਯੋਜਨਾਬੰਦੀ, ਫੰਡਾਂ ਦਾ ਪ੍ਰਬੰਧ ਤੇ ਅਮਲ ਨੂੰ ਅੰਤਮ ਰੂਪ ਦਿੱਤਾ ਜਾ ਸਕੇ।

ਛੱਤੀਸਗੜ੍ਹ ਵਿੱਚ ਭਾਜਪਾ ਦਾ ਸਫਾਇਆ ਅਤੇ ਰਾਜਸਥਾਨ ਤੇ ਮੱਧ ਪ੍ਰਦੇਸ਼ ਵਿੱਚ ਸਪੱਸ਼ਟ ਹਾਰ ਦਾ ਠੀਕਰਾ ਸੱਤਾ ਵਿਰੋਧੀ ਭਾਵਨਾ ਦੇ ਸਿਰ ਆਸਾਨੀ ਨਾਲ ਭੰਨਿਆ ਜਾ ਸਕਦਾ ਹੈ। ਮਿਜ਼ੋਰਮ ਵਿੱਚ ਕਾਂਗਰਸ ਨੇ ਮਿਜ਼ੋ ਨੈਸ਼ਨਲ ਫਰੰਟ ਹੱਥੋਂ ਸਿਕਸ਼ਤ ਖਾ ਕੇ ਉਤਰ ਪੂਰਬ ਵਿੱਚ ਬਚੀ ਆਪਣੀ ਅੰਤਮ ਸਰਕਾਰ ਗੁਆ ਲਈ ਹੈ। ਸੱਤਾ ਵਿਰੋਧੀ ਭਾਵਨਾ ਦਾ ਕਾਰਨ ਵੀ ਖੂਬ ਜਚਦਾ ਹੈ ਅਤੇ ਉਂਝ ਵੀ ਇਹ ਜਮਹੂਰੀ ਅਮਲ ਦਾ ਹਿੱਸਾ ਜਾਪਦਾ ਹੈ। ਪਿਛਲੇ ਸਾਢੇ ਚਾਰ ਸਾਲਾਂ ਵਿੱਚ ਮੁਹਿੰਮਬਾਜ਼ ਦੇ ਤੌਰ 'ਤੇ ਮੋਦੀ ਦਾ ਅਕਸ ਸਾਰੇ ਮੁਕਾਮੀ ਮੁੱਦਿਆਂ 'ਤੇ ਭਾਰੀ ਪੈਂਦਾ ਰਿਹਾ ਤੇ ਨਾਲ ਅਮਿਤ ਸ਼ਾਹ ਦੀ ਚੁਣਾਵੀ ਮਸ਼ੀਨ ਤੋਂ ਤਵੱਕੋ ਕੀਤੀ ਰਹੀ ਹੈ ਕਿ ਇਹ ਚੋਣ ਦਰ ਚੋਣ ਜਿੱਤਣ ਦੇ ਹਰ ਨਿੱਕੇ ਵੱਡੇ ਸਾਰੇ ਸੂਤਰਾਂ ਦੀ ਗਿਆਤਾ ਹੈ। ਜਿੱਤ ਦਾ ਰੱਥ ਹੁਣ ਡੱਕ ਦਿੱਤਾ ਗਿਆ ਹੈ ਤੇ ਇਸ ਦੇ ਅਜੇਤੂ ਹੋਣ ਦਾ ਭਰਮ ਟੁੱਟ ਗਿਆ ਹੈ।

ਦਸ ਸਾਲਾ ਭ੍ਰਿਸ਼ਟਾਚਾਰ, ਅਕੁਸ਼ਲਤਾ, ਕੁਨਬਾ ਪਰਵਰੀ ਤੇ ਵੰਸ਼ਵਾਦੀ ਸਾਸਨ ਦੀ ਗਾਥਾ ਤੋਂ ਬਾਅਦ ਮੋਦੀ ਉਮੀਦ ਤੇ ਤਬਦੀਲੀ ਦੀ ਕਿਰਨ ਬਣ ਕੇ ਉਭਰਿਆ ਸੀ। ਨੋਟਬੰਦੀ ਤੋਂ ਬਾਅਦ ਵੀ ਉਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮੋਦੀ ਲਹਿਰ ਪ੍ਰਚੰਡ ਹੀ ਹੋਈ ਸੀ, ਕਿਉਂਕਿ ਅਕਸਰ ਨਪੀੜੇ ਤੇ ਸਤਾਏ ਜਾਂਦੇ ਗਰੀਬ ਵੋਟਰਾਂ ਨੂੰ ਵੀ ਜਾਪਦਾ ਸੀ ਕਿ ਹੁਣ ਭ੍ਰਿਸ਼ਟਾਚਾਰੀਆਂ ਨੂੰ ਕਾਬੂ ਕਰਨ ਵਾਲਾ ਤੇ ਕਾਲੇ ਧਨ ਨੂੰ ਸਫੈਦ ਬਣਾਉਣ ਵਾਲਾ ਆਗੂ ਆਇਆ ਹੈ, ਭਾਵੇਂ ਪੂਰੀ ਤਰ੍ਹਾਂ ਸਫਲ ਨਾ ਵੀ ਹੋਵੇ, ਪਰ ਤਾਂ ਉਹ ਕੋਸ਼ਿਸ਼ਾਂ ਤਾਂ ਕਰ ਰਿਹਾ ਹੈ। ਅੱਜ ਮੋਦੀ ਰਾਜ ਦੇ ਸਾਢੇ ਚਾਰ ਸਾਲਾਂ ਬਾਅਦ ਹਿੰਦੀ ਭਾਸ਼ੀ ਰਾਜਾਂ ਦੇ ਉਨ੍ਹਾਂ ਲੋਕਾਂ ਨੂੰ ਇਨ੍ਹਾਂ ਵਾਅਦਿਆਂ, ਜੁਮਲਿਆਂ, ਲਫਾਜ਼ੀ ਤੇ ਇਰਾਦਿਆਂ ਦੀ ਹਕੀਕਤ ਸਮਝ ਆ ਗਈ ਹੈ। ਲੋਕਾਂ ਦੀ ਖਾਹਸ਼ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਬਿਹਤਰ ਬਣ ਸਕੇ।

ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਮੋਦੀ ਦਾ ਹਮੇਸ਼ਾ ਇਹੋ ਜਿਹਾ ਅਕਸ ਸਾਹਮਣੇ ਆਉਂਦਾ ਰਿਹਾ, ਜਿਹੜਾ ਲੋਕਾਂ ਅੰਦਰ ਧਰੁਵੀਕਰਨ ਕਰਦਾ ਹੈ, ਪਰ ਕੌਮੀ ਪੱਧਰ 'ਤੇ ਉਹ ਆਪਣੀ ਆਧੁਨਿਕ ਅਤੇ ਸਾਫ ਸਫਾਫ ਸਾਖ ਪੇਸ਼ ਕਰਨ ਅਤੇ ਲੋਕਾਂ ਨੂੰ ਦੇਸ਼ ਦੀ ਉਸ ਮਹਾਨਤਾ ਦੇ ਸੁਪਨੇ ਵੇਚਣ ਦੀ ਕੋਸ਼ਿਸ਼ ਕਰਦਾ ਹੈ ਜੋ ਭ੍ਰਿਸ਼ਟ ਸਿਆਸਤਦਾਨਾਂ ਕਰਕੇ ਹਾਸਲ ਨਾ ਹੋ ਸਕੀ ਤੇ ਭਾਰਤ ਦੀ ਪੂੰਜੀ ਵਿਦੇਸ਼ ਜਾਂਦੀ ਰਹੀ। ਫਿਰ ਵੀ ਮੋਦੀ ਸਰਕਾਰ ਦਾ ਸਭ ਤੋਂ ਪ੍ਰਤੱਖ ਅਸਰ ਸੀ ਗਊ ਹੱਤਿਆ ਦੇ ਨਾਂ 'ਤੇ ਹੁੰਦੀ ਹਜੂਮੀ ਹਿੰਸਾ, ਦਲਿਤ ਵਿਰੋਧੀ ਹਮਲੇ ਅਤੇ ਅਜਿਹੀ ਕੌਮ ਦਾ ਨਿਰਮਾਣ ਜਿਸ ਵਿੱਚ ਘੱਟਗਿਣਤੀਆਂ ਤੇ ਦਲਿਤਾਂ ਲਈ ਥਾਂ ਨਹੀਂ ਦਿਸਦੀ। ਇਨ੍ਹਾਂ ਹਮਲਿਆਂ ਨੂੰ ਸਭ ਤੋਂ ਪਹਿਲਾਂ ਸਤਾਏ ਜਾ ਰਹੇ ਗਰੁੱਪਾਂ ਅੰਦਰ ਸੱਤਾ ਵਿਰੋਧੀ ਭਾਵਨਾ ਦੀ ਸ਼ਕਲ ਧਾਰਨ ਕੀਤੀ ਜੋ ਅੱਗੇ ਚੱਲ ਕੇ ਭਾਜਪਾ ਵਿਰੋਧੀ ਲਹਿਰ ਵਿੱਚ ਤਬਦੀਲ ਹੋ ਗਈ। ਇਸੇ ਕਰਕੇ ਪਾਰਟੀ ਨੂੰ ਤਿੰਨ ਅਹਿਮ ਰਾਜਾਂ ਵਿੱਚ ਹਾਰ ਦਾ ਮੂੰਹ ਦੇਖਣਾ ਪਿਆ ਹੈ। ਇਹ ਸਭ ਕੁਝ ਇਸ ਕਰਕੇ ਸੰਭਵ ਹੋਇਆ ਕਿਉਂਕਿ ਲੋਕਾਂ ਨੂੰ ਸਰਕਾਰ 'ਤੇ ਭਰੋਸਾ ਨਹੀਂ ਰਿਹਾ ਕਿ ਇਹ ਉਨ੍ਹਾਂ ਦਾ ਜੀਵਨ ਖੁਸ਼ਹਾਲ ਬਣਾਉਣ ਲਈ ਕੰਮ ਕਰ ਰਹੀ ਹੈ।

ਰਾਮ ਮੰਦਰ, ਰਾਮ ਦਾ ਬੁੱਤ, ਹਨੂੰਮਾਨ ਦੀ ਜਾਚ, ਓਵੈਸੀ ਦਾ ਧਰਮ ਤੇ ਕਾਂਗਰਸ ਦੀ ਵਿਧਵਾ ਇਨ੍ਹਾਂ ਸਭ ਮੁੱਦਿਆਂ ਦਾ ਕੁੱਲ ਜੋੜ ਲੋਕਾਂ ਦੀਆਂ ਆਸਾਂ 'ਤੇ ਪੂਰਾ ਨਹੀਂ ਉਤਰਦਾ ਸੀ। ਖੁਸ਼ਹਾਲੀ ਦੇ ਨਖਲਿਸਤਾਨ ਦਾ ਪਿੱਛਾ ਕਰਦਿਆਂ ਮੌਜੂਦਾ ਸਰਕਾਰ ਵਡੇਰੀ ਬੁਰਾਈ ਬਣ ਗਈ ਹੈ। ਕੀ ਅਗਲੇ ਚਾਰ ਮਹੀਨਿਆਂ ਵਿੱਚ ਮੋਦੀ ਆਪਣਾ ਇਹ ਅਕਸ ਦੂਰ ਕਰ ਸਕਦੇ ਹਨ? ਚਾਰ ਮਹੀਨੇ ਸਿਆਸਤ ਵਿੱਚ ਕਾਫੀ ਲੰਬਾ ਸਮਾਂ ਹੁੰਦਾ ਹੈ। ਇਸ ਦੌਰਾਨ ਬਹੁਤ ਕੁਝ ਵਾਪਰ ਸਕਦਾ ਹੈ ਤੇ ਸਰਕਾਰ ਦੇ ਨਿਕੰਮੇਪਣ ਦਾ ਅਕਸ ਬਦਲ ਸਕਦਾ ਹੈ। ਇਸੇ ਤਰ੍ਹਾਂ 2003 ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ 2004 ਦੇ ਲੋਕ ਸਭਾ ਚੋਣਾਂ ਦੇ ਨਤੀਜਿਆਂ 'ਤੇ ਕੋਈ ਪ੍ਰਭਾਵ ਨਹੀਂ ਪਾਇਆ ਸੀ। ਬਹਰਹਾਲ, 3-0 ਦੀ ਹਾਰ ਕੋਈ ਮਾਮੂਲੀ ਹਾਰ ਨਹੀਂ ਹੈ, ਜਿਸ ਨੂੰ ਆਸਾਨੀ ਨਾਲ ਅੱਖੋਂ ਓਹਲੇ ਕੀਤਾ ਜਾ ਸਕੇ।

ਆਖਰੀ ਮਸ਼ਵਰਾ ਤਿਲੰਗਾਨਾ ਬਾਰੇ ਹੈ; ਕੀ ਕਾਂਗਰਸ ਕਦੇ ਇਹ ਸਿੱਖ ਸਕੇਗੀ ਕਿ ਸਨਕੀਪੁਣਾ ਨਹੀਂ ਚਾਹੀਦਾ। ਤਿਲੰਗਾਨਾ ਦੇ ਲੋਕਾਂ ਨੇ ਕਾਂਗਰਸ ਨੂੰ ਚੰਦਰਬਾਬੂ ਨਾਇਡੂ ਦੀ ਤੈਲਗੂ ਦੇਸਮ ਨਾਲ ਮੌਕਾਪ੍ਰਸਤ ਸਾਂਝ ਦੀ ਸਜ਼ਾ ਦਿੱਤੀ ਹੈ। ਤੈਲਗੂ ਦੇਸਮ ਉਹੀ ਪਾਰਟੀ ਹੈ, ਜਿਸ ਨੇ ਤਿਲੰਗਾਨਾ ਦੀ ਕਾਇਮੀ ਦਾ ਡਟ ਕੇ ਵਿਰੋਧ ਕੀਤਾ ਸੀ। ਤਿਲੰਗਾਨਾ ਦਾ ਇਹ ਅਖੌਤੀ ਮਹਾਂਗਠਜੋੜ ਖਿੰਡ ਪੁੰਡ ਗਿਆ ਹੈ। ਮਹਾਨਤਾ ਦੇ ਨਿਰਮਾਣ ਵਿੱਚ ਥੋੜ੍ਹੇ ਮਾਤਰ ਆਦਰਸ਼ਵਾਦ ਦੀ ਝਲਕ ਤਾਂ ਪੈਣੀ ਹੀ ਚਾਹੀਦੀ ਹੈ।

# ਪੰਜ ਰਾਜਾਂ ਦੀਆਂ ਵਿਧਾਨ ਸਭਾਵਾਂ ਵਿੱਚ ਭਾਰਤੀ ਜਨਤਾ ਪਾਰਟੀ ਦੀ ਹਾਰ

ਹਰਚੰਦ ਸਿੰਘ ਬਾਸੀ



ਅਜਿਹਾ ਕੋਈ ਸਾਸ਼ਕ ਨਹੀਂ ਜਿਸ ਦੀ ਜਨਤਾ ਨੇ ਸਦਾ ਬੱਲੇ ਬੱਲੇ ਕਰਾਈ ਹੋਵੇ।ਕੁੱਝ ਸਾਸ਼ਕ ਅਤਿ ਸੰਜੀਦਾ ਹੁੰਦੇ ਹਨ ਜਿਨ੍ਹਾਂ ਦੇ ਮਨ ਵਿੱਚ ਆਪਣੇ ਦੇਸ ਦੇ ਲੋਕਾਂ ਨੂੰ ਰੰਗ ਨਸਲ ,ਮਜ਼ਹਬ ਦੇ ਭਿੰਨ ਭੇਦ ਤੋਂ ਬਿਨਾਂ ਮੇਲ ਜੋਲ ਦਾ ਸਮਾਜ ਉਸਾਰਨ ਦੀ ਪ੍ਰਤੀਬਧਤਾ ਹੁੰਦੀ ਹੈ। ਉਹਨਾਂ ਦਾ ਕਰਮ ਸਮਾਜ ਨੂੰ, ਦੇਸ ਵਾਸੀਆਂ ਨੂੰ ਇੱਕ ਜੁੱਟ ਰੱਖਕੇ ਮਨੁੱਖੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਯਤਨਸ਼ੀਲ ਹੁੰਦੇ ਹਨ। ਉਸ ਇਸ ਲਈ ਸੱਭ ਲੋਕਾਂ ਦੇ ਸਾਥ ਨਾਲ ਸਾਧਨ ਜੁਟਾਉਣ ਅਤੇ ਉਹਨਾਂ ਸਾਧਨਾ ਦਾ ਠੀਕ ਪ੍ਰਯੋਗ ਕਰਕੇ ਸੱਭ ਲਈ ਇੱਕ ਨਿਯਮ ਥੱਲੇ ਤਰੱਕੀ ਦੇ ਮੌਕੇ ਦਿੰਦੇ ਹਨ।ਜਨਤਾ ਉਹਨਾਂ ਦੇ ਕੰਮਾਂ ਦੀ ਪੜਚੋਲ ਕਰਦੀ ਹੈ ਅਤੇ ਸਮਾਂ ਬੀਤਣ ਤੇ ਵੀ ਉਹਨਾਂ ਵੱਲੋਂ ਮਨੁੱਖੀ ਬਿਹਤਰੀ ਲਈ ਕੀਤੇ ਇੱਕ ਇੱਕ ਕੰਮ ਨੂੰ ਯਾਦ ਕਰਦੀ ਹੈ। ਮਾੜੇ ਸਾਸ਼ਕ ਦੀ ਲੋਕਾਂ ਦੇ ਹੱਕਾਂ ਪ੍ਰਤੀ ਵਰਤੀ ਅਣਗਹਿਲੀ ਅਤੇ ਕੁਸਾਸ਼ਨ ਦੀ ਅਲੋਚ-ਨਾ ਕਰਦੀ ਹੈ।

ਲੋਕ ਤੰਤਰ ਅੰਦਰ ਲੋਕਾਂ ਨੂੰ ਹੱਕ ਮਿ-ਲਆ ਹੈ ਕਿ ਉਹ ਆਪਣੇ ਪ੍ਰਤੀਨਿਧ ਆਪ ਚੁਣ ਲੈਣ ਪਰ ਇਸ ਚੋਣ ਸਮੇਂ ਕਈ ਹਾਲਤਾਂ ਵਿੱਚ ਉਹ ਜਨ ਪ੍ਰਤੀਨਿਧ ਵੀ ਚੁਣੇ ਜਾਂਦੇ ਹਨ ਜਿੰਨਾਂ ਦਾ ਲੋਕਾਂ ਦੀ ਬਿਹਤਰੀ ਕਰਨ ਨਾਲੋਂ ਆਪਣੀ ਨਿਜੀ ਬਿਹਤਰੀ ਦਾ ਏਜੰਡਾ ਮੂਹਰੇ ਹੁੰਦਾ ਹੈ। ਇਤਫਾਕਣ ਕਈ ਅਜਿਹੇ ਵਿਅੱਕਤੀ ਵੀ ਦੇਸ ਦੇ ਸਾਸ਼ਕ ਬਣ ਜਾਂਦੇ ਹਨ ਜੋ ਆਪਣੇ ਆਪ ਨੂੰ ਸੱਭ ਤੋਂ ਉਪਰ ਇੱਕ ਫਰਿਸ਼ਤੇ ਦੀ ਤਰ੍ਹਾਂ ਸੋਚਦੇ ਹਨ । ਉਹ ਆਪਣੇ ਆਪ ਵਿੱਚ ਮਿਉਂਦੇ ਨਹੀਂ ਉਹਨਾਂ ਦੀਆਂ ਅੱਖਾਂ ਤੇ ਫੋਕੀ ਹਉਮੇ ਦਾ ਪਰਦਾ ਆ ਜਾਂਦਾ ਹੈ। ਉਸੇ ਤਰਾਂ ਆਪਣੇ ਆਲੇ ਦੁਆਲੇ ਵੀ ਆਪਣੇ ਜਿਹੇ ਲੋਕਾਂ ਨੂੰ ਇਕੱਤਰ ਕਰ ਲੈਂਦੇ ਹਨ ਜਿਹੜੇ ਉਸ ਦੇ ਆਪਹੁਦਰੇਪਣ ਦੀ ਹਾਂ ਵਿੱਚ ਹਾਂ ਮਿਲਾਉਂਦੇ ਰਹਿੰਦੇ ਹਨ। ਜਿਸ ਨਾਲ ਉਸ ਦੀ ਹਉਂਮੇ ਹੋਰ ਭੜਕਦੀ ਹੈ। ਉਸ ਦੇ ਬੋਲ ਲੋਕਾਂ ਲਈ ਹੋਰ ਕੁਰੱਖਤ ਹੁੰਦੇ ਜਾਂਦੇ ਹਨ ਅਤੇ ਫੈਸਲੇ ਗੈਰ ਸਭਿਅਕ ਅਤੇ ਅਣਮਨੁੱਖੀ ਹੁੰਦੇ ਜਾਂਦੇ ਹਨ। ਲੋਕਾਂ ਦੀਆਂ ਨਿਜੀ ਅਜ਼ਾਦੀਆਂ ਦਾ ਘਾਣ ਹੁੰਦਾ ਹੈ। ਇਨਾਂ ਪਾਬੰਦੀਆਂ ਦੇ ਖਿਲਾਫ ਬੋਲਣ ਵਾਲਿਆਂ ਖਿਲਾਫ ਤਰ੍ਹਾਂ ਤਰ੍ਹਾਂ ਦਾ ਤਸ਼ੱਦਦ ਕਰਕੇ ਚੁੱਪ ਕਰਾਇਆ ਜਾਂਦਾ ਹੈ। ਆਮ ਲੋਕਾਂ ਦੇ ਅੰਦਰ ਖੌਫ ਦਾ ਮਹੌਲ ਪੈਦਾ ਕੀਤਾ ਜਾਂਦਾ ਹੈ। ਆਮ ਲੋਕਾਂ ਦੇ ਬੋਲ ਡਰ ਕਾਰਨ ਹੋਠਾਂ ਤੱਕ ਨਹੀਂ ਆਉਂਦੇ ਪਰ ਮਨ ਅੰਦਰ ਉਬਾਲ ਉਠਦੇ ਰਹਿੰਦੇ ਹਨ। ਸਮਾਂ ਆਉਣ ਤੇ ਚਿੰਗਾਰੀ ਵੀ ਬਣ ਸਕਦੇ ਹਨ ਅਤੇ ਭਾਂਬੜ ਵੀ। ਪਰ ਮਧਹੋਸ਼ ਹਾਕਮ ਇਸ ਉਠ ਰਹੇ ਧੂੰਏ ਨੂੰ ਦੇਖ ਨਹੀਂ ਸਕਦਾ। 2014 ਵਿੱਚ ਕਾਂਗਰਸ ਪਾਰਟੀ ਭਾਰਤ ਦੇ ਸਾਸ਼ਨ ਤੇ ਕਾਬਜ਼ ਸੀ। ਲੰਮੇਂ ਸਮੇਂ ਤੋਂ ਦੇਸ ਤੇ ਸਾਸ਼ਨ ਕਾਰਨ ਨਵੀਂ ਪੀਹੜੀ ਦਾ ਮਕਸਦ ਨਿਜਵਾਦ ਰਹਿ ਗਿਆ। ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ਪ੍ਰਤੀ ਉਦਾਸੀਨਤਾ ਰਹੀ। ਦੇਸ ਅੰਦਰ ਕਈ ਘੁਟਾਲੇ ਹੋਏ ਜਿਹੜੈ ਧਨ ਕੁਬੇਰਾਂ ਨੂੰ ਲਾਭ ਪਹੁੰਚਾਉਂਦੇ ਸਨ। ਉਹ ਪੈਸਾ ਦੇਸ ਦੇ ਲੋਕਾਂ ਦਾ ਸੀ ਜੋ ਉਹਨਾਂ ਵਾਸਤੇ ਨਹੀਂ ਖਰਚਿਆ ਗਿਆ ਇਸ ਦੇ ਕਈ ਹੋਰ ਕਾਰਨ ਵੀ ਸਨ। ਅਜਿਹੇ ਕਾਰਨਾਂ ਤੋਂ ਬਦਜਨ ਹੋਏ ਲੋਕਾਂ ਨੇ ਅੰਨੇਵਾਹ ਭਰਮਾਊ ਨਾਹਰਿਆਂ ਵਾਲੀ ਪਾਰਟੀ ਭਾਰਤੀ ਜਨਤਾ ਪਾਰਟੀ ਨੂੰ ਵੋਟਾਂ ਪਾ ਕੇ ਵੱਡੇ ਬਹੁਮੱਤ ਨਾਲ ਜਿਤਾ ਦਿੱਤਾ। ਇਸ ਪਾਰਟੀ ਦਾ, ਜਿਸ ਤੇ ਗੁਜਰਾਤ ਦੰਗਿਆ ਦਾ ਧੱਬਾ ਲੱਗਦਾ ਹੈ, ਦੇਸ ਦਾ ਪਰਧਾਨ ਮੰਤਰੀ ਬਣ ਗਿਆ ਅਤੇ ਦੂਸਰਾ ਆਦਮੀ ਪਾਰਟੀ ਦਾ ਪ੍ਰਧਾਨ ਬਣ ਗਿਆ।ਉਹ ਤਾਂ ਪਹਿਲਾਂ ਹੀ ਮਾਨ ਨਹੀਂ ਸੀ ਇਸ ਜਿੱਤ ਨੇ ਉਹਨਾਂ ਦੇ ਦਿਮਾਗ ਨੂੰ ਹਉਮੇਂ ਦਾ ਅਜਿਹਾ ਬੁਖਾਰ ਚਾੜਿਆ ਕਿ ਉਨਾਂ ਨੂੰ ਲੱਗਣ ਲੱਗ ਪਿਆ ਭਾਰਤ ਦੇਸ ਸਾਡੀ ਜਗੀਰ ਹੈ। ਲੋਕ ਸਾਡੇ ਗੁਲਾਮ ਹਨ। ਹੁਣ ਸਾਨੂੰ ਰਾਜ ਗੱਦੀ ਤੋਂ ਲਾਹੁਣ ਵਾਲ ਕੋਈ ਨਹੀਂ।ਦੇਸ ਅੰਦਰ ਹਿੰਦੂ ਬਹੁਲਤਾ ਨੂੰ ਹਥਿਆਰ ਬਣਾ ਕੇ ਘੱਟ ਗਿਣਤੀਆਂ ਹਿੰਦੂ ਮੁਸਲਿਮ ਈਸਾਈਆਂ ਵਿੱਚ ਫਿਰਕੂ ਵਾਤਾਵਰਣ ਪੈਦਾ ਕਰਕੇ ਲੋਕਾਂ ਵਿੱਚ ਤਨਾਉ ਪੈਦਾ ਕੀਤਾ।ਸਰਕਾਰ ਦੁਆਰਾ ਪ੍ਰੋਸਾਹਿਤ ਨਾਮਧ੍ਰੀਕ ਗਊ ਭਗਤਾਂ ਦੀਆਂ ਭੀੜਾਂ ਜਿਨ੍ਹਾ ਦਾ ਸੰਚਾਲਣ ਬਜਰੰਗ ਦਲ,ਆਰ ਐਸ ਐਸ,ਵਿਸ਼ਵ ਹਿੰਦੂ ਪ੍ਰੀਸ਼ਦ ਆਦਿਕਰਦੀਆਂ ਹਨ, ਤੋਂ ਆਦਮੀਆ ਨੂੰ ਕੁੱਟ ਕੁੱਟ ਕੇ ਮਾਰਨ ਵਾਲਿਆਂ ਦੀ ਪੁਸ਼ਪ ਪੁਨਾਹੀ ਕੀਤੀ ਗਈ।

ਨੋਟ ਬੰਦੀ ਅਤੇ ਜੀ ਐਸ ਟੀ ਲਾਗੂ ਕਰਕੇ ਦੇਸ ਨੂੰ ਆਰਥਿਕ ਨਿਵਾਣਾਂ ਵੱਲ ਧੱਕਿਆ ਗਿਆ। ਸੰਵਿਧਾਕ ਸੰਸਥਾਵਾਂ ਸੁਪਰੀਮ ਕੋਰਟ, ਸੀ ਬੀ ਆਈ,ਵਿ-ਦਅਕ ਸੰਸਥਾਵਾਂ ਆਦਿ ਨੂੰ ਨਿਪੁੰਸਕ ਬਣਾਉਣ ਦੇ ਦਬਾਉ ਬਣਾਏ ਗਏ। ਸਰਕਾਰ ਦੇ ਕੰਮਾਂ ਦੀ ਅਲੋਚਣਾ ਕਰਨ ਵਾਲੇ ਬੁਧੀਜੀਵੀਆਂ ਦੇ ਸਾਜਿਸ਼ ਤਹਿਤ ਕਤਲ ਕਰਾਏ ਗਏ ਅਤੇ ਕੁੱਝ ਨੂੰ ਦੇਸ ਧ੍ਰੋਹੀ ਕਹਿ ਕੇ ਜੇਲਾਂ ਵਿੱਚ ਸੁੱਟ ਦਿਤਾ। ਇਹ ਸੱਭ ਵਰਤਾਰੇ ਨੂੰ ਜਨਤਾ ਦੰਦਾਂ ਥੱਲੇ ਜੀਭ ਨੱਪ ਕੇ ਸਹਿ ਰਹੀ ਸੀ। ਕੁੱਝ ਲੋਕ ਇਸ ਪ੍ਰਤੀ ਚਿੰਤਾ ਕਰਕੇ ਅਵਾਜ਼ ਉਠਾਉਂਦੇ ਸਨ ਤਾਂ ਬਹੁਮਤ ਦੀ ਹਕੂਮਤ ਅਵਾਜ਼ ਨੂੰ ਅਣਸੁਣਿਆ ਕਰਕੇ ਸੰਸਥਾਵਾਂ ਨੂੰ ਕਮਜ਼ੋਰ ਕਰਨ ਦੀ ਆਪਣੀ ਕੁਹਾੜੀ ਚਲਾਉਂਦੀ ਰਹੀ।

ਲੋਕਾਂ ਅੰਦਰ ਉਠ ਰਹੇਰੋਹ ਨੂਮ ਸਰਕਾਰ ਨੇ ਨਹੀਂ ਭਾਂਪਿਆ।ਪਹਿਲਾਂ ਇੱਕੜ ਦੁਕੜ ਬਾਈ ਇਲੈਕਸ਼ਨਾਂ ਵਿੱਚ ਹਰਾ ਕੇ ਲੋਕਾਂ ਨੇ ਸੰਕੇਤ ਦਿੱਤੇ। ਪਰ ਗਰੂਰ ਵਿੱਚ ਡੁੱਬੇ ਪ੍ਰਧਾਂਨ ਮੰਤਰੀ ਨਰਿੰਦਰ ਮੋਦੀ ਅਤੇ ਅਤੇ ਪਾਰਟੀ ਪਰਧਾਨ ਅਮਿਤ ਸ਼ਾਹ ਨੇ ਇਸ ਦੀ ਆਹਟ ਨਹੀਂ ਸੁਣੀ। ਸਗੋਂ ਚਿੜ ਕੇ ਹੋਰ ਡੰਗ ਤਿੱਖਾ ਕਰ ਲਿਆ। ਸਟੇਜਾਂ ਤੋਂ ਵਿਰੋਧੀਆਂ ਨੂੰ ਗਾਲਾਂ ਦੇਣ ਅਤੇ ਤਾਹਣੇ ਭਰੀਆਂ ਤਕਰੀਰਾਂ ਨਾਲ ਜ਼ਲੀਲ ਕਰਨ ਲੱਗਾ।ਆਪਣੀ ਹੈਂਕੜ ਭਰੀ ਨੀਤੀ ਤਹਿਤ ਪਾਰਲੀਮੈਂਟ ਵਿੱਚ ਜੁਆਬ ਦੇਹੀ ਦਾ ਜਵਾਬ ਨਾ ਦੇਣਾ ਨਿਯਮ ਹੀ ਬਣਾ ਲਿਆ। ਵਿਰੋਧੀਆਂ ਤੇ ਤਨਜ਼ਾਂ ਕਸ ਕੇ ਜਵਾਬ ਟਾਲ ਦਿਤੇ ਜਾਂਦੇ। ਜਨਤਾ ਗਾਲਾਂ ਅਤੇ ਕੁਰੱਖਤ ਬੋਲਾਂ ਨੂੰ ਸੁਣ ਸੁਣ ਕੇ ਅੱਕ ਗਈ।ਲੋਕਾਂ ਦੇ ਕਲਿਆਣ ਲਈ ਕੀਤੇ ਵਾਅਦੇ ਪਤਾਲ ਵਿੱਚ ਦੱਬ ਦਿਤੇ। ਕਦੀ ਉਹਨਾਂ ਬਾਰੇ ਜਵਾਬ ਦੇਣਾ ਉਚਿਤ ਨਹੀਂ ਸਮਝਿਆ।''ਸਵਾਲ ਗੰਦਮ ਜਵਾਬ ਚਨਾ'' ਦੀ ਕਹਾਵਤ ਅਨੁਸਾਰ ਜਨਤਾ ਸਵਾਲ ਕਰੇ ਤਾਂ ਜਵਾਬ ਹਿੰਦੂ ਮੁਸਲਮਾਨ ਮਿਲਦਾ। ਇਸ ਸਮੇਂ ਵਿੱਚ ਪੰਜ ਰਾਜਾਂ ਦੀਆਂ ਵਿਧਾਨ ਸਭਾ ਦੀਆਂ ਚੋਣਾਂ ਆ ਗਈਆਂ। ਜਿਹੜੇ ਹਉਂਮੇ ਵਿੱਚ ਡੁੱਬੇ ਕਹਿੰਦੇ ਸੀ ਮੋਦੀ ਸ਼ਾਹ ਦੀ ਜੋੜੀ ਦਾ ਰਥ ਕਦੀ ਨਹੀਂ ਰੁਕਦਾ। ਜਿਹੜੇ ਮੋਦੀ ਨੂੰ ਹਰ ਹਰ ਮੋਦੀ ਕਹਿੰਦੇ ਸਨ ਅਤੇ ਹਰ ਜਿੱਤ ਉਸ ਦੀ ਕਰਾਮਾਤ ਕਹਿੰਦੇ ਸਨ। ਉਹਨਾਂ ਨੂੰ ਲੋਕਾਂ ਨੇ ਪੰਜਾਂ ਰਾਜਾਂ ਵਿੱਚ ਹੀ ਕਰਾਰੀ ਹਾਰ ਦਿੱਤੀ। ਹੁਣ ਸ਼ਰਮ ਨਾਲ ਡੁੱਬੇ ਕਹਿੰਦੇ ਫਿਰਦੇ ਹਨ ਇਹ ਮੋਦੀ ਸ਼ਾਹ ਦੀ ਹਾਰ ਨਹੀਂ ਇਹਦੀ ਜਿੰਮੇਵਾਰੀ ਸਾਰੀ ਪਾਰਟੀ ਤੇ ਹੈ। ਤਰ੍ਹਾਂ ਤਰ੍ਹਾਂ ਦੇ ਬਹਾਨੇ ਬਣਾਉਂਦੇ ਹਨ।ਇਹ ਤਾਂ ਉਹ ਗੱਲ ਹੋਈ ਜਿਵੇਂ ਕੋਈ ਆਦਮੀ ਹਰ ਥਾਂ ਸ਼ੇਖੀ ਮਰਦਾ ਾ ਕਿ ਮੈਂ ਅੜਬ ਤੋਂ ਅੜਬ ਘੋੜੀ ਨੂੰ ਸਿਧਿਆ ਕਰਕੇ ਸੌਖਿਆਂ ਹੀ ਸਵਾਰੀ ਕਰ ਸਕਦਾ ਹਾਂ। ਉਸ ਦੀ ਸ਼ੇਖੀ ਤੋਂ ਅੱਕੇ ਕੁੱਝ ਲੋਕਾਂ ਅੜਬ ਘੋੜੀ ਸਵਾਰੀ ਕਰਨ ਲਈ ਦਿਤੀ। ਉਸ ਨੂੰ ਘੋੜੀ ਤੇ ਬਿਠਾ ਕੇ



ਵਾਗਾਂ ਫੜਾ ਦਿਤੀਆਂ। ਘੋੜੀ ਨੇ ਦੋ ਛੜੱਪਿਆਂ ਵਿੱਚ ਹੀ ਧੜੰਮ ਥੱਲੇ ਮਾ-ਰਆ। ਲੋਕੀਂ ਪੁੱਛਣ ਕਿਉਂ ਬਈ ਕੀ ਹਾਲ ਹੈ। ਉਹ ਅੱਗੋਂ ਕਹਿੰਦਾ। ਤੁਸੀਂ ਦੇਖਿਆ ਨਹੀਂ ਜਦੋਂ ਘੋੜੀ ਨੇ ਪਹਿਲਾ ਛੜੱਪਾ ਮਰਿਆ ਮੈਂ ਝੱਟ ਕਾਠੀ ਤੋਂ ਪਿਛੇ ਹੋ ਗਿਆ ਦੂਜੇ ਛੜੱਪੇ ਨਾਲ ਮੈਂ ਪੁੜਿਆਂ ਤੇ ਹੋ ਗਿਆ। ਫਿਰ ਤੀਜੇ ਛੜੱਪੇ ਤੋਂ ਘੋੜੀ ਮੁੱਕ ਗਈ ਮੈਂ ਨਹੀਂ ਡਿੱਗਾ। ਇਹੋ ਹਾਲ ਮੋਦੀ ਸ਼ਾਹ ਦੀ ਜੋੜੀ ਦਾ ਹੋ ਗਿਆ ਜਿਹੜੇ ਕਹਿੰਦੇ ਸੀ ਭਾਰਤ ਕਾਂਗਰਸ ਮੁਕਤ ਕਰ ਦੇਣਾ ਹੈ। ਅੱਜ ਉਹਨਾਂ ਕਾਂਗਰਸੀਆਂ ਨੂੰ ਨਿਮੋਝੂਣੇ ਹੋਏ ਵਧਾਈਆਂ ਦੇਣ ਵਿੱਚ ਲੱਗੇ ਹਨ। ਖਲਕਤ ਉਸੇ ਦੇ ਸਿਰ ਤਾਜ ਰੱਖੈਗੀ ਜੋ ਲੋਕਾਂ ਦੀ ਅਵਾਜ਼ ਸੁਣੇਗਾ। ਲੋਕਾਂ ਨੂੰ ਕੁੱਲੀ, ਗੁੱਲੀ ਜੁੱਲੀ ਦੇ ਮਸਲੇ, ਸਿਹਤ ਸਿਖਿਆ ਦੇ ਮਸਲਿਆਂ ਦਾ ਹੱਲ ਚਾਹੀਦਾ ਹੈ। ਮੰਦਰ ਮਸੀਤਾਂ ਗੁਰਦੁਆਰੇ ਰਾਜਨੀਤੀਵਾਨਾਂ ਨੂੰ ਚਾਹੀਦੇ ਹਨ ਸਧਾਰਨ ਕਿਰਤੀ ਲੋਕਾਂ ਦਾ ਕੋਈ ਸਰੋਕਾਰ ਨਹੀਂ। ਸਧਾਰਨ ਲੋਕਾਂ ਨੂੰ ਤਾਂ ਪੂਜਾ ਕਰਨ ਲਈ ਚਾਹੁੰਦਿਆਂ ਹੋਇਆਂ ਵੀ ਮੰਦਰਾਂ ਦੀਆਂ ਦਹਿਲੀਜਾਂ ਟੱਪਣ ਨਹੀਂ ਦਿਤੀਆਂ ਜਾਂਦੀਆਂ। ਹੁਣ ਦੇਖੋ ਹਾਰ ਤੋਂ ਚਿੜ ਕੇ ਹੋਰ ਕੀ ਕੀ ਗੁਲ ਖਿੜਾਉਂਦੇ ਹਨ ਸਮਾਂ ਦੱਸੇਗਾ। ਜੇ ਇਵੇਂ ਚੱਲਦਾ ਰਿਹਾ ਤਾਂ ਸਰਕਾਰ ਦੀਆਂ ਨਾਕਾਮੀਆਂ ਦੀ ਲਿਸਟ ਹੋਰ ਬੜੀ ਲੰਮੀ ਹੁੰਦੀ ਜਾਣੀ ਹੈ।ਇਉਂ ਜਾਪਦਾ ਸਰਕਾਰ ਜ਼ਮੀਨ ਤੇ ਉਤਰ ਕੇ ਨਹੀਂ ਦੇਖੇਗੀ। ਇਹ ਵੀ ਲੱਗਦਾ ਹੈ ਜੇ ਸਰਕਾਰ ਨੇ ਵਤੀਰਾ ਇੰਝ ਹੀ ਜਾਰੀ ਰੱਖਿਆ ਤਾਂ ਲੋਕ ਵੀ ਮੁੱਠੀਆਂ ਵਿੱਚ ਥੁਕੀ ਫਿਰਦੇ ਹਨ 2019 ਦੀਆਂ ਲੋਕ ਸਭਾਂ ਚੋਣਾਂ ਸਿਰ ਤੇ ਹਨ।

ਚਾਰ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਿਤ

ਸਾਲਾਨਾ ਸ਼ਹੀਦੀ ਜੋੜ ਮੇਲਾ

2018



: ਪ੍ਰੋਗਰਾਮ :

ਗੁਰਦੁਆਰਾ ਉਨਟੈਰੀਓ ਖਾਲਸਾ ਦਰਬਾਰ,
ਡਿਕਸੀ ਰੋਡ, ਮਿਸੀਸਾਗਾ, ਹਾਲ ਨੰਬਰ 3 ਅਤੇ 4

ਆਰੰਭ ਸ੍ਰੀ ਆਖੰਡ ਪਾਠ ਸਾਹਿਬ:
ਐਤਵਾਰ, 23/12/2018, ਸਵੇਰੇ 10:00 ਵਜੇ

ਭੋਗ ਸ੍ਰੀ ਆਖੰਡ ਪਾਠ ਸਾਹਿਬ:
ਮੰਗਲਵਾਰ, 25/12/2018, ਸਵੇਰੇ 11:00 ਵਜੇ

ਮੰਗਲਵਾਰ, 25/12/2018:
ਉਪਰੰਤ ਭੋਗ ਸਵੇਰੇ 11:30 ਵਜੇ:
ਢਾਡੀ ਵਾਰਾਂ, ਕੀਰਤਨ ਦਰਬਾਰ, ਕਥਾ ਪ੍ਰਵਾਹ।

ਗੁਰਮਤਿ ਵੀਚਾਰੁ:
ਭਾਈ ਗੁਲਜ਼ਾਰ ਸਿੰਘ ਜੀ, ਟੋਰਾਂਟੋ।

ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਸ਼ਹੀਦੀ ਯਾਦਗਾਰ ਕਮੇਟੀ

ਫੋਨ : 647-833-2748, 905-670-3311

Dr. Randhawa Dentistry



Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




PLATINUM MORTGAGES
FOR ALL MORTGAGE NEEDS

QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM

1ST MORTGAGE Starting from 2.59 % OAC

SPECIAL RATES FOR REFINANCING
Professional & Quality Service Guaranteed



Kanwaljit S. Dhunna
Mortgage broker
416.301.1976
Email: kdhunna62@gmail.com



- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit

5 CHERRYCREST DR. #206 BRAMPTON L6P 3W4

## ਅਕਾਲੀਆਂ ਵੇਲੇ ਜਾਰੀ ਹੋਇਆ ਟਿਊਬਵੈੱਲ ਕੁਨੈਕਸ਼ਨ ਕਾਂਗਰਸੀ ਰਾਜ ਵਿੱਚ ਲੱਗ ਨਹੀਂ ਰਿਹਾ

ਜਲੰਧਰ, 18 ਦਸੰਬਰ (ਪੋਸਟ ਬਿਊਰੋ)- ਅਕਾਲੀ-ਭਾਜਪਾ ਸਰਕਾਰ ਦੇ ਵਕਤ ਚਾਰ ਜਨਵਰੀ 2017 ਨੂੰ ਟਿਊਬਵੈੱਲ ਕੁਨੈਕਸ਼ਨ ਲਾਉਣ ਦੇ ਜਿਹੜੇ ਹੁਕਮ ਪ੍ਰਾਪਤ ਹੋਏ ਸਨ, ਉਨ੍ਹਾਂ ਉੱਤੇ ਕਾਂਗਰਸ ਰਾਜ ਦੇ ਡੇਢ ਸਾਲ ਦੌਰਾਨ ਅਮਲ ਨਹੀਂ ਹੋ ਸਕਿਆ ਅਤੇ ਖਪਤਕਾਰ ਪ੍ਰੇਸ਼ਾਨ ਹੋਈ ਜਾ ਰਹੇ ਸੁਣੀਂਦੇ ਹਨ।

ਨੇੜਲੇ ਪਿੰਡ ਧੀਣਾ ਦੇ ਜਰਨੈਲ ਸਿੰਘ ਨੇ ਦੱਸਿਆ ਕਿ ਚਾਰ ਜਨਵਰੀ 2017 ਨੂੰ ਟਿਊਬਵੈੱਲ ਲਾਉਣ ਬਾਰੇ ਉਸ ਨੂੰ ਪਟਿਆਲਾ ਤੋਂ ਮਨਜ਼ੂਰੀ ਮਿਲੀ ਸੀ, ਪਰ ਉਸ ਤੋਂ ਬਾਅਦ ਸਰਕਾਰ ਬਦਲ ਗਈ ਅਤੇ ਉਸ ਦਾ ਕੁਨੈਕਸ਼ਨ ਨਹੀਂ ਲੱਗ ਸਕਿਆ। ਅੱਜ ਕੱਲ੍ਹ ਅਧਿਕਾਰੀ ਕਹਿੰਦੇ ਹਨ ਕਿ ਨਵੇਂ ਹੁਕਮ ਆਉਣ ਪਿੱਛੋਂ ਕੁਨੈਕਸ਼ਨ ਜਾਰੀ ਕੀਤਾ ਜਾਵੇਗਾ। ਜਰਨੈਲ ਸਿੰਘ ਨੇ ਦੱਸਿਆ ਕਿ ਆਦਮ-ਪੁਰ ਨੇੜੇ ਮੈਹਦੀਪੁਰ ਅਰਾਈਆਂ 'ਚ ਉਨ੍ਹਾਂ ਦੀ ਜ਼ਮੀਨ 'ਤੇ ਇਹ ਕੁਨੈਕਸ਼ਨ ਲਾਇਆ ਜਾਣਾ ਸੀ, ਪਰ ਕੁਨੈਕਸ਼ਨ ਦਾ ਇੰਤਜ਼ਾਰ ਖਤਮ ਹੋਣ ਦਾ ਨਾਂਅ ਨਹੀਂ ਲੈ ਰਿਹਾ। ਉਨ੍ਹਾਂ ਕਿਹਾ ਕਿ ਉਹ ਕਈ ਵਾਰ ਪਟਿਆਲਾ ਹੈੱਡ ਆਫਿਸ, ਨਾਰਥ ਜ਼ੋਨ ਤੇ ਸੰਬੰਧਤ ਡਵੀਜ਼ਨ ਗਏ, ਪਰ ਉਨ੍ਹਾਂ ਦੀ ਸੁਣਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਪ੍ਰੇਸ਼ਾਨ ਹੋ ਕੇ ਉਹ ਕਈ ਵਾਰ ਪਾਵਰ ਮਨਿਸਟਰ ਨੂੰ ਵੀ ਲਿਖਤ ਭੇਜ ਚੁੱਕੇ ਹਨ, ਪਰ ਉਨ੍ਹਾਂ ਵੱਲੋਂ ਕੋਈ ਵੀ ਜਵਾਬ ਨਹੀਂ ਆਇਆ। ਖਪਤਕਾਰ ਨੇ ਕਿਹਾ ਕਿ ਸਰਕਾਰਾਂ ਬਦਲਦੀਆਂ ਰਹਿੰਦੀਆਂ ਹਨ, ਪਰ ਅਧਿਕਾਰੀਆਂ ਨੂੰ ਭੇਦਭਾਵ ਨਹੀਂ ਕਰਨਾ ਚਾਹੀਦਾ, ਜਿਸ ਕਾਰਨ ਲੋਕਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਵੇ।

ਜਰਨੈਲ ਸਿੰਘ ਨੇ ਕਿਹਾ ਕਿ ਇੱਕ ਪਾਸੇ ਕਾਂਗਰਸ ਸਰਕਾਰ ਵੱਲੋਂ ਰੋਜ਼ਗਾਰ ਨੂੰ ਉਤਸ਼ਾਹ ਦੇਣ ਵਾਲੇ ਦਾਅਵੇ ਕੀਤੇ ਜਾਂਦੇ ਹਨ, ਦੂਜੇ ਪਾਸੇ ਜੋ ਲੋਕ ਖੁਦ ਦਾ ਕੰਮ ਅਤੇ ਖੇਤੀ ਕਰਨਾ ਚਾਹੁੰਦੇ ਹਨ, ਉਨ੍ਹਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ।

## ਕਾਂਗਰਸ ਦੇ ਦੋ ਗੁਟ ਆਪੋ 'ਚ ਭਿੜੇ, ਪੱਗਾਂ ਲੱਥੀਆਂ

ਤਰਨ ਤਾਰਨ, 18 ਦਸੰਬਰ (ਪੋਸਟ ਬਿਊਰੋ)- ਪਿੰਡ ਨੌਸ਼ਹਿਰਾ ਪਨੂੰਆਂ ਵਿੱਚ ਬੀ ਡੀ ਓ ਦਫਤਰ ਵਿੱਚ ਕਾਂਗਰਸ ਪਾਰਟੀ ਦੇ ਦੋ ਗਰੁੱਪ ਆਪਸ ਵਿੱਚ ਭਿੜ ਗਏ। ਦੋਵਾਂ ਗਰੁੱਪਾਂ ਨੇ ਇਕ ਦੂਸਰੇ 'ਤੇ ਸ਼ਰੇਆਮ ਥੱਪੜ ਅਤੇ ਮੁੱਕੇ ਮਾਰਦੇ ਰਹੇ। ਇਸ ਦੌਰਾਨ ਕਈਆਂ ਦੀ ਪੱਗ ਉਤਰਨ ਦਾ ਵੀ ਪਤਾ ਲੱਗਾ ਹੈ। ਇਸ ਘਟਨਾ ਨੂੰ ਤੁਰੰਤ ਕੰਟਰੋਲ ਕਰਨ ਲਈ ਪੁਲਸ ਨੂੰ ਹਲਕਾ ਲਾਠੀਚਾਰਜ ਕਰਨਾ ਪਿਆ ਅਤੇ ਫਿਰ ਸਥਿਤੀ ਕਾਬੂ ਵਿੱਚ ਆ ਸਕੀ ਸੀ। ਇਸ ਗੁੰਡਾਗਰਦੀ ਨੂੰ ਦੇਖਦੇ ਹੋਏ ਲੋਕਾਂ ਵੱਲੋਂ ਪ੍ਰਸ਼ਾਸਨ ਦੀ ਢਿੱਲੀ ਕਾਰਵਾਈ ਬਾਰੇ ਕਈ ਗੱਲਾਂ ਕੀਤੀਆਂ ਜਾ ਰਹੀਆਂ ਹਨ। ਹਥਿਆਰਾਂ ਨਾਲ ਲੈਸ ਗੁੰਡਾ ਅਨਸਰਾਂ ਨੇ ਚੋਣ ਕਮਿਸ਼ਨ ਦੇ ਨਿਯਮਾਂ ਦੀ ਖੁੱਲ੍ਹ ਕੇ ਧੱਜੀਆਂ ਉਡਾਈਆਂ ਹਨ। ਮਿਲੀ ਜਾਣਕਾਰੀ ਅਨੁਸਾਰ ਬੀਤੇ ਦਿਨੀਂ ਪਿੰਡ ਨੌਸ਼ਹਿਰਾ ਪਨੂੰਆਂ ਦੇ ਸੀਨੀਅਰ ਕਾਂਗਰਸੀ ਨੇਤਾ ਰਣਜੀਤ ਸਿੰਘ ਬਾਦਲ ਤੇ ਉਨ੍ਹਾਂ ਦੇ ਸਾਥੀਆਂ ਨੇ ਹਲਕਾ ਵਿਧਾਇਕ ਪੱਟੀ ਹਰਮਿੰਦਰ ਸਿੰਘ ਗਿੱਲ 'ਤੇ ਦੋਸ਼ ਲਾਏ ਸਨ ਕਿ ਉਨ੍ਹਾਂ ਨੂੰ ਵਿਧਾਇਕ ਵੱਲੋਂ



ਘਟਨਾ ਦੌਰਾਨ ਹਾਲਾਤ ਕਾਬੂ 'ਚ ਕਰਦੀ ਹੋਈ ਪੁਲਸ।

ਬਣਾਇਆ ਕਾਂਗਰਸੀ ਨੇਤਾ ਤਰਸੇਮ ਸਿੰਘ ਤੇ ਉਸ ਦੇ ਸਾਥੀ ਬਿਨਾਂ ਵਜ੍ਹਾ ਤੰਗ ਪਰੇਸ਼ਾਨ ਕਰ ਰਹੇ ਹਨ, ਜਿਸ ਨਾਲ ਉਨ੍ਹਾਂ ਦੀ ਜਾਨ ਨੂੰ ਖਤਰਾ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਬਾਰੇ ਉਨ੍ਹਾਂ ਵੱਲੋਂ ਪੰਜਾਬ ਰਾਜ ਚੋਣ ਕਮਿਸ਼ਨ ਨੂੰ ਖਤਰੇ ਅਤੇ ਧੱਕੇਸ਼ਾਹੀ ਸਬੰਧਤ ਸ਼ਿਕਾਇਤ ਵੀ ਕੀਤੀ ਗਈ ਹੈ। ਇਸ ਦੌਰਾਨ ਰਣਜੀਤ ਸਿੰਘ ਬਾਦਲ ਤੇ ਉਨ੍ਹਾਂ ਦੇ ਸਾਥੀਆਂ ਕਾਂਗਰਸ ਦੇ ਮੌਜੂਦਾ ਬਲਾਕ ਕਮੇਟੀ ਮੈਂਬਰ ਰਾਜਕਰਨ, ਸਤਨਾਮ ਸਿੰਘ, ਤੇਜਿੰਦਰ ਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਪਿੰਡ ਨੌਸ਼ਹਿਰਾ ਪਨੂੰਆਂ ਦੀ ਸਰਪੰਚੀ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਬਾਰੇ ਐਨ ਓ ਸੀ ਅਤੇ ਚੁੱਲਾ ਟੈਕਸ ਲੈਣ ਲਈ ਬੀ ਡੀ ਓ ਦਫਤਰ ਵਿੱਚ ਜਾਣ ਦੀ ਤਿਆਰੀ ਕੀਤੀ ਸੀ। ਜਦ ਉਹ ਦਫਤਰ ਦੇ ਨੇੜੇ ਪਹੁੰਚੇ ਤਾਂ ਤਰਸੇਮ ਸਿੰਘ, ਜੋ ਦੂਸਰੇ ਗਰੁੱਪ ਦਾ ਹੈ, ਦੇ ਵੱਡੀ ਗਿਣਤੀ ਸਾਥੀਆਂ ਨੇ ਉਨ੍ਹਾਂ ਦੇ ਕਾਗਜ਼ਾਤ ਖੋਹਣ ਦੀ ਕੋਸ਼ਿਸ਼ ਕੀਤੀ। ਜ਼ਿਲਾ ਚੋਣ ਅਫਸਰ-ਕਮ-ਜ਼ਿਲਾ ਅਧਿਕਾਰੀ ਪ੍ਰਦੀਪ ਸਭਰਵਾਲ ਨੇ ਦੱਸਿਆ ਕਿ ਇਸ ਘਟਨਾ ਦੀ ਉਨ੍ਹਾਂ ਨੇ ਐਸ ਡੀ ਐਮ ਤੋਂ ਰਿਪੋਰਟ ਮੰਗੀ ਹੈ ਅਤੇ ਜੋ ਵੀ ਦੋਸ਼ੀ ਪਾਇਆ ਗਿਆ, ਉਸ ਦੇ ਵਿਰੁੱਧ ਕਾਰਵਾਈ ਦੇ ਹੁਕਮ ਦਿੱਤੇ ਜਾਣਗੇ।

## ਨਵਜੋਤ ਸਿੱਧੂ ਵਾਲੇ ਕਾਲਾ ਤਿੱਤਰ ਕੇਸ ਵਿੱਚ ਜੀਵ-ਜੰਤੂ ਭਲਾਈ ਬੋਰਡ ਨੇ ਰਿਪੋਰਟ ਮੰਗੀ

ਚੰਡੀਗੜ੍ਹ, 18 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਤੋਂ ਲਿਆਂਦੀ ਕਾਲੇ ਤਿੱਤਰ ਦੀ ਟਰਾਫੀ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਲਈ ਆਫਤ ਬਣ ਗਈ ਹੈ। ਇਸ ਬਾਰੇ ਕੇਂਦਰੀ ਵਣ ਡਾਇਰੈਕਟਰ ਜਨਰਲ, ਐਡੀਸ਼ਨਲ ਵਣ ਡਾਇਰੈਕਟਰ ਜਨਰਲ ਅਤੇ ਚੀਫ ਵਾਈਲਡ ਲਾਈਫ ਵਾਰਡਨ ਕੋਲੋਂ ਭਾਰਤੀ ਜੀਵ-ਜੰਤੂ ਭਲਾਈ ਬੋਰਡ ਨੇ ਵੀ ਰਿਪੋਰਟ ਤਲਬ ਕਰ ਲਈ ਹੈ, ਜਿਸ ਨਾਲ ਮੁਸ਼ਕਲਾਂ ਵਧ ਸਕਦੀਆਂ ਹਨ।



ਇਸ ਸੰਬੰਧ ਵਿੱਚ ਬੋਰਡ ਦੇ ਪ੍ਰਧਾਨ ਐੱਸ ਪੀ ਗੁਪਤਾ ਵੱਲੋਂ ਜਾਰੀ ਪੱਤਰ ਵਿੱਚ ਪੰਜਾਬ ਸਰਕਾਰ ਤੇ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲਿਆਂ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਪਸ਼ੂ ਭਲਾਈ ਨਿਯਮਾਂ ਦੀ ਉਲੰਘਣਾ ਦੀ ਜਾਂਚ ਕਰ ਕੇ ਰਿਪੋਰਟ ਦੇਣ ਲਈ ਕਿਹਾ ਗਿਆ ਹੈ। ਬੋਰਡ ਨੇ ਮੀਡੀਆ ਵਿੱਚ ਆਈਆਂ ਰਿਪੋਰਟਾਂ ਦਾ ਨੋਟਿਸ ਲਿਆ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਸਿੱਧੂ ਪਾਕਿਸਤਾਨ ਤੋਂ ਇੱਕ ਕਾਲਾ ਤਿੱਤਰ ਆਪਣੇ ਨਾਲ ਲਿਆਏ ਹਨ, ਜੋ ਵਣ ਜੀਵ ਕਾਨੂੰਨ ਤਹਿਤ ਰਾਖਵਾਂ ਹੈ। ਬੋਰਡ ਨੇ ਸੰਬੰਧਤ ਅਧਿਕਾਰੀਆਂ ਨੂੰ ਤਿੰਨ ਦਿਨਾਂ ਵਿੱਚ ਜਾਂਚ ਕਰ ਕੇ ਰਿਪੋਰਟ ਦੇਣ ਨੂੰ ਕਿਹਾ ਹੈ ਤਾਂ ਕਿ ਪਸ਼ੂ ਭਲਾਈ ਕਾਨੂੰਨ ਦੀ ਉਲੰਘਣਾ ਦੀ ਹਾਲਤ ਵਿੱਚ ਸਿੱਧੂ 'ਤੇ ਪਸ਼ੂ ਕਰੂਰਤਾ ਰੋਕਥਾਮ ਐਕਟ 1950 ਦੀ ਕਾਰਵਾਈ ਕੀਤੀ ਜਾ ਸਕੇ। ਪੱਤਰ 'ਚ ਕਿਹਾ ਗਿਆ ਹੈ ਕਿ ਸਿੱਧੂ ਵੱਲੋਂ ਲਿਆਂਦਾ ਕਾਲਾ ਤਿੱਤਰ ਵਾਈਲਡ ਲਾਈਫ ਪ੍ਰੋਟੈਕਸ਼ਨ ਐਕਟ ਤਹਿਤ ਰਾਖਵਾਂ ਪੰਛੀ ਹੈ। ਇਸ ਦੇ ਵਾਲ, ਖੱਲ, ਨਹੁੰ ਨੂੰ ਬਿਨਾਂ ਮਨਜ਼ੂਰੀ ਦੇ ਭਾਰਤ 'ਚ ਲਿਆਉਣਾ ਗੈਰ-ਕਾਨੂੰਨੀ ਹੈ।

## ਕੋਆਪਰੇਟਿਵ ਮੰਤਰੀ ਰੰਧਾਵਾ ਦੇ ਖਿਲਾਫ ਸਕੇ ਭਰਾ ਨੇ ਵਿਰੋਧ ਦਾ ਮੋਰਚਾ ਸੰਭਾਲਿਆ

ਬਟਾਲਾ, 18 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਜੇਲ੍ਹਾਂ ਅਤੇ ਕੋਆਪਰੇਟਿਵ ਵਿਭਾਗ ਬਾਰੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਭਰਾ ਤੇ ਅਕਾਲੀ ਦਲ ਦੇ ਹਲਕਾ ਇੰਚਾਰਜ ਦੱਸੇ ਜਾਂਦੇ ਇੰਦਰਜੀਤ ਸਿੰਘ ਰੰਧਾਵਾ ਨੇ ਪੰਚਾਇਤੀ ਚੋਣਾਂ ਦੌਰਾਨ ਆਪਣੇ ਹੀ ਸਕੇ ਭਰਾ ਦੇ ਖਿਲਾਫ ਵਿਰੋਧ ਦਾ ਮੋਰਚਾ ਖੋਲ੍ਹ ਦਿੱਤਾ ਹੈ।



ਇੰਦਰਜੀਤ ਸਿੰਘ ਰੰਧਾਵਾ

ਵਰਨਣ ਯੋਗ ਹੈ ਕਿ ਪਿਛਲੇ ਸਾਲ ਵਿਧਾਨ ਸਭਾ ਚੋਣਾਂ ਹੋਣ ਤੋਂ ਪਹਿਲਾਂ ਅਕਾਲੀ ਦਲ ਵਿੱਚ ਸ਼ਾਮਲ ਹੋ ਚੁੱਕੇ ਇੰਦਰਜੀਤ ਸਿੰਘ ਰੰਧਾਵਾ ਨੇ ਆਪਣੇ ਮੰਤਰੀ ਭਰਾ ਦੀ ਸ਼ਹਿ ਉੱਤੇ ਵੋਟਾਂ ਦੀ ਅਦਲਾ ਬਦਲੀ ਅਤੇ ਧਾਂਦਲੀ ਕੀਤੇ ਜਾਣ ਦੇ ਦੋਸ਼ ਲਾ ਕੇ ਤਾੜਨਾ ਕੀਤੀ ਕਿ ਜੇ ਕਾਂਗਰਸ ਵਾਲਿਆਂ ਨੇ ਵੋਟਾਂ ਦੀ ਪ੍ਰਕਿਰਿਆ ਨੂੰ ਪ੍ਰਭਾਵਤ ਕਰਨਾ ਬੰਦ ਨਾ ਕੀਤਾ ਤਾਂ ਉਹ ਇਨਸਾਫ ਲੈਣ ਲਈ ਸੁਪਰੀਮ ਕੋਰਟ ਤੱਕ ਪਹੁੰਚ ਕਰਨਗੇ। ਇੰਦਰਜੀਤ ਸਿੰਘ ਰੰਧਾਵਾ ਨੇ ਪਿਛਲੀਆਂ ਪੰਚਾਇਤ ਸੰਮਤੀ ਅਤੇ ਜ਼ਿਲਾ ਪ੍ਰੀਸ਼ਦ ਚੋਣਾਂ ਦੌਰਾਨ ਵੀ ਆਪਣੇ ਭਰਾ ਦੀ ਸ਼ਹਿ ਉੱਤੇ ਕੁੱਟਮਾਰ ਕੀਤੇ ਜਾਣ ਦੇ ਦੋਸ਼ ਲਾਏ ਸਨ। ਕੱਲ੍ਹ ਬਟਾਲਾ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਇੰਦਰਜੀਤ ਸਿੰਘ ਰੰਧਾਵਾ ਤੇ ਉਨ੍ਹਾਂ ਦੇ ਬੇਟੇ ਦੀਪਇੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਸੂਬੇ ਅੰਦਰ ਹੋਣ ਵਾਲੀਆਂ ਪੰਚਾਇਤੀ ਚੋਣਾਂ ਵਿੱਚ ਡੇਰਾ ਬਾਬਾ ਨਾਨਕ ਸਮੇਤ ਪੂਰੇ ਜ਼ਿਲੇ ਵਿੱਚ ਸੁਖਜਿੰਦਰ ਸਿੰਘ ਰੰਧਾਵਾ ਅਤੇ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦੋਵਾਂ ਕੈਬਨਿਟ ਮੰਤਰੀਆਂ ਦੀ ਸ਼ਹਿ ਉੱਤੇ ਧਾਂਦਲੀ ਤੇ ਪੱਖਪਾਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਲਾਕੇ ਵਿੱਚ ਮਰ ਚੁੱਕੇ ਲੋਕਾਂ ਦੀਆਂ ਵੋਟਾਂ ਬਣਾਈਆਂ ਜਾ ਰਹੀਆਂ ਹਨ ਤੇ ਜਿਉਂਦੇ ਲੋਕਾਂ ਦੀਆਂ ਵੋਟਾਂ ਕੱਟੀਆਂ ਜਾ ਰਹੀਆਂ ਹਨ। ਉਨ੍ਹਾਂ ਵਾਰਡਬੰਦੀ ਨੂੰ ਗਲਤ ਕਰਾਰ ਦਿੰਦੇ ਹੋਏ ਕਿਹਾ ਕਿ ਜਿਸ ਹਿਸਾਬ ਵਾਰਡਬੰਦੀ ਕੀਤੀ ਜਾ ਰਹੀ ਹੈ, ਉਸ ਨਾਲ ਇਕੋ ਘਰ ਦੇ ਲੋਕਾਂ ਦੀਆਂ ਵੋਟਾਂ ਵੱਖ-ਵੱਖ ਵਾਰਡਾਂ ਵਿੱਚ ਬਣਾ ਦਿੱਤੀਆਂ ਹਨ। ਇੰਦਰਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਕਾਂਗਰਸੀਆਂ ਨੇ ਇਹ ਡੇਰਾ ਬਾਬਾ ਨਾਨਕ ਵਿਖੇ ਹੀ ਨਹੀਂ ਕੀਤਾ, ਸਗੋਂ ਫਤਹਿਗੜ੍ਹ ਚੂੜੀਆਂ, ਗੁਰਦਾਸਪੁਰ ਤੇ ਧਾਰੀਵਾਲ ਵਿਖੇ ਵੀ ਅਕਾਲੀ ਵਰਕਰਾਂ ਦੀਆਂ ਵੋਟਾਂ ਨੂੰ ਤੋੜਿਆ ਮਰੋੜਿਆ ਗਿਆ ਹੈ।

## ਰਿਸ਼ਵਤ ਲੈਂਦਾ ਏ ਐੱਸ ਆਈ ਰੰਗੇ ਹੱਥੀਂ ਫੜਿਆ

ਚੰਡੀਗੜ੍ਹ, 18 ਦਸੰਬਰ (ਪੋਸਟ ਬਿਊਰੋ)- ਵਿਜੀਲੈਂਸ ਬਿਊਰੋ ਦੀ ਆਰਥਿਕ ਅਪਰਾਧ ਸੈੱਲ ਨੇ ਕੱਲ੍ਹ ਪੁਲਸ ਚੌਕੀ ਰੋਹੜ ਜਗੀਰ, ਜ਼ਿਲ੍ਹਾ ਪਟਿਆਲਾ ਵਿਖੇ ਤੈਨਾਤ ਏ ਐੱਸ ਆਈ ਦਰਸ਼ਨ ਸਿੰਘ ਨੂੰ 5000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਫੜਿਆ ਹੈ। ਇਸ ਬਾਰੇ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਸ ਏ ਐੱਸ ਆਈ ਨੂੰ ਸ਼ਿਕਾਇਤ ਕਰਤਾ ਲਖਮੀ ਚੰਦ ਵਾਸੀ ਪਿੰਡ ਬੱਡ ਮੋਹਰ, ਜ਼ਿਲ੍ਹਾ ਪਟਿਆਲਾ ਦੀ ਸ਼ਿਕਾਇਤ 'ਤੇ ਫੜਿਆ ਹੈ।

ਸ਼ਿਕਾਇਤ ਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਏ ਐੱਸ ਆਈ ਨੇ ਉਸ ਨੂੰ ਆਪਣੀ ਜ਼ਮੀਨ ਵਿੱਚ ਝੋਨੇ ਦੀ ਪਰਾਲੀ ਨੂੰ ਸਟੋਰ ਕਰਨ ਅਤੇ ਅੱਗੇ ਵੇਚਣ ਦੀ ਇਜਾਜ਼ਤ ਦੇਣ ਬਦਲੇ 10000 ਰੁਪਏ ਦੀ ਮੰਗ ਕੀਤੀ ਹੈ। ਵਿਜੀਲੈਂਸ ਵੱਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਏ ਐੱਸ ਆਈ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ 5000 ਰੁਪਏ ਦੀ ਰਿਸ਼ਵਤ ਲੈਂਦਿਆਂ ਮੌਕੇ 'ਤੇ ਫੜ ਲਿਆ।

## ਅਭਿਨਵ ਬਿੰਦਰਾ ਆਪਣੀ ਵੇਚੀ ਹੋਈ ਗੱਡੀ ਕਾਰਨ ਮੁਸ਼ਕਿਲ 'ਚ

ਚੰਡੀਗੜ੍ਹ, 18 ਦਸੰਬਰ (ਪੋਸਟ ਬਿਊਰੋ)- ਸੋਨ ਤਗਮਾ ਜੇਤੂ ਨਿਸ਼ਾਨੇਬਾਜ਼ ਅਭਿਨਵ ਬਿੰਦਰਾ ਆਪਣੀ ਪੁਰਾਣੀ ਗੱਡੀ ਦੇ ਕਾਰਨ ਮੁਸ਼ਕਿਲਾਂ 'ਚ ਫਸ ਗਏ ਹਨ। ਉਨ੍ਹਾਂ ਕੋਲ ਇਕ ਪੰਜਾਬ ਨੰਬਰ ਦੀ ਵੋਲਵੋ ਕਾਰ ਸੀ, ਜੋ ਉਹ ਵੇਚ ਚੁੱਕੇ ਸਨ, ਪਰ ਉਸੇ ਗੱਡੀ ਨਾਲ ਇਸ ਸਾਲ ਇਕ ਹਾਦਸਾ ਹੋ ਗਿਆ ਸੀ। ਇਸ ਹਾਦਸੇ ਵਿੱਚ ਇਕ ਬਾਪ ਤੇ ਉਸ ਦੇ 10 ਸਾਲ ਦੇ ਪੁੱਤਰ ਦੀ ਮੌਤ ਹੋ ਗਈ ਸੀ। ਉਨ੍ਹਾਂ ਦੇ ਪਰਵਾਰ ਨੇ ਕਾਰ ਡਰਾਈਵਰ ਬੰਟੀ ਅਤੇ ਅਭਿਨਵ ਬਿੰਦਰਾ ਖਿਲਾਫ ਵੀ ਚੰਡੀਗੜ੍ਹ ਜ਼ਿਲਾ ਅਦਾਲਤ ਵਿੱਚ ਕਲੇਮ ਲਈ ਕੇਸ ਫਾਈਲ ਕਰ ਦਿੱਤਾ ਹੈ।

ਇਸ ਹਾਦਸੇ ਵਿੱਚ ਮਾਰੇ ਗਏ ਮੰਗਤ ਰਾਮ ਦੇ ਪਿਤਾ ਮੁਖਤਿਆਰ ਸਿੰਘ (56) ਨੇ ਮੋਟਰ ਐਕਸੀਡੈਂਟ ਦੇ ਕਲੇਮ ਟ੍ਰਿਬਿਊਨਲ ਵਿੱਚ 70 ਲੱਖ ਰੁਪਏ ਕਲੇਮ ਦਾ ਕੇਸ ਦਾਇਰ ਕੀਤਾ ਹੈ। ਮੰਗਤ ਰਾਮ ਦੀ ਉਮਰ 32 ਸਾਲ ਸੀ ਤੇ ਉਹ ਜੰਕ ਡੀਲਰ ਸੀ, ਉਸ ਦੀ ਮਹੀਨੇ ਦੀ ਕਮਾਈ ਕਰੀਬ 10 ਹਜ਼ਾਰ ਰੁਪਏ ਸੀ। ਉਸ ਦਾ ਬੇਟਾ ਗੁਰਸੇਵਕ ਦੂਜੀ ਕਲਾਸ ਵਿੱਚ ਪੜ੍ਹਦਾ ਸੀ। ਬਿੰਦਰਾ ਨੇ ਇਹ ਕਾਰ ਵੇਚ ਦਿੱਤੀ ਸੀ, ਪਰ ਕਾਰ ਦੀ ਰਜਿਸਟਰੇਸ਼ਨ ਅਜੇ ਵੀ ਬਿੰਦਰਾ ਦੇ ਨਾਂਅ ਸੀ। ਇਸ ਲਈ ਉਨ੍ਹਾਂ ਨੂੰ ਵੀ ਕੇਸ ਭੁਗਤਣਾ ਪਵੇਗਾ। ਮ੍ਰਿਤਕ ਦੇ ਪਰਵਾਰ ਦਾ ਕਹਿਣਾ ਹੈ ਕਿ ਕਾਰ ਡਰਾਈਵਰ ਦੇ ਨਾਲ-ਨਾਲ ਕਾਰ ਮਾਲਕ ਵੀ ਹਾਦਸੇ ਲਈ ਬਰਾਬਰ ਦਾ ਜ਼ਿੰਮੇਵਾਰ ਹੈ।

## ਖਾਂਦੇ-ਪੀਂਦੇ ਵਿਧਾਇਕਾਂ ਨੇ ਪੰਜਾਬ ਦੇ ਖਜ਼ਾਨੇ ਦੇ ਵੱਟ ਕੱਢੇ

ਬਠਿੰਡਾ, 18 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਮੰਤਰੀਆਂ ਨੇ ਆਮਦਨ ਟੈਕਸ ਦੇਣ ਲਈ ਆਪਣੀ ਜੇਬ ਕੁਝ ਢਿੱਲੀ ਕਰਨੀ ਸ਼ੁਰੂ ਕੀਤੀ ਹੈ, ਪਰ ਦੌਲਤਮੰਦ ਵਿਧਾਇਕ ਹਾਲੇ ਵੀ ਪੱਲਿਓਂ ਆਮਦਨ ਟੈਕਸ ਭਰਨ ਤੋਂ ਇਨਕਾਰੀ ਹਨ। ਰਾਜ ਸਰਕਾਰ ਦਾ ਖਜ਼ਾਨਾ ਵਿਧਾਇਕਾਂ ਨੂੰ ਸਿਰਫ ਤਨਖਾਹ ਤੇ ਭੱਤੇ ਹੀ ਨਹੀਂ ਦਿੰਦਾ, ਆਮਦਨ ਟੈਕਸ ਵੀ ਦੇ ਰਿਹਾ ਹੈ।

ਵਰਨਣ ਯੋਗ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿੱਤੀ ਸੁਧਾਰਾਂ ਲਈ ਬਣੀ ਕੈਬਨਿਟ ਸਬ ਕਮੇਟੀ 'ਚ ਤਜਵੀਜ਼ ਰੱਖੀ ਸੀ ਕਿ ਵਿਧਾਇਕ ਆਪਣਾ ਆਮਦਨ ਟੈਕਸ ਖੁਦ ਭਰਨ। ਉਨ੍ਹਾਂ ਇਸ ਬਾਰੇ ਵਿਧਾਇਕਾਂ ਨੂੰ ਅਪੀਲ ਵੀ ਕੀਤੀ ਸੀ, ਪਰ ਇਸ ਉੱਤੇ ਅਮਲ ਨਹੀਂ ਕੀਤਾ ਗਿਆ। ਸਰਕਾਰ ਚਾਹੁੰਦੀ ਤਾਂ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕੀਤਾ ਜਾ ਸਕਦੀ ਸੀ। ਪਤਾ ਲੱਗਾ ਹੈ ਕਿ ਪੰਜਾਬ ਵਿਧਾਨ ਸਭਾ ਇਸ ਵੇਲੇ 96 ਵਿਧਾਇਕਾਂ ਦਾ ਹਰ ਮਹੀਨੇ ਆਮਦਨ ਟੈਕਸ ਭਰ ਰਹੀ ਹੈ, ਪਰ 18 ਮੰਤਰੀਆਂ ਅਤੇ ਵਿਰੋਧੀ ਧਿਰ ਦੇ ਆਗੂ ਨੇ ਕਰੀਬ ਸੱਤ ਮਹੀਨੇ ਪਹਿਲਾਂ ਪੱਲਿਓਂ ਆਮਦਨ ਟੈਕਸ ਦੇਣਾ ਸ਼ੁਰੂ ਕਰ ਦਿੱਤਾ ਹੈ। ਕੁਲਜੀਤ ਸਿੰਘ ਨਾਗਰਾ ਅਜਿਹੇ ਇਕੱਲੇ ਵਿਧਾਇਕ ਹਨ, ਜੋ ਪੱਲਿਓਂ ਆਮਦਨ ਟੈਕਸ ਦੇ ਰਹੇ ਹਨ। ਮੁੱਖ ਮੰਤਰੀ ਪੰਜਾਬ ਦੀ ਅਪੀਲ ਪਿੱਛੋਂ ਨਾ ਸਰਕਾਰ ਨੇ ਨੋਟੀਫਿਕੇਸ਼ਨ ਕੀਤਾ ਅਤੇ ਨਾ ਐਕਟ ਵਿੱਚ ਤਰਮੀਮ ਕੀਤੀ। ਉਹ ਖੁਦ ਵੀ ਮੰਨ ਚੁੱਕੇ ਹਨ ਕਿ ਵਿਧਾਇਕਾਂ ਦੇ ਆਮਦਨ ਟੈਕਸ ਨਾਲ ਖਜ਼ਾਨੇ ਉਤੇ ਸਾਲਾਨਾ 10.72 ਕਰੋੜ ਰੁਪਏ ਬੋਝ ਪੈਂਦਾ ਹੈ। ਵਿਧਾਨ ਸਭਾ ਸਰਕਾਰ ਵੱਲੋਂ ਹਰ ਮਹੀਨੇ ਪ੍ਰਤੀ ਵਿਧਾਇਕ ਕਰੀਬ 7200 ਰੁਪਏ ਭਰ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਅਕਾਲੀ ਭਾਜਪਾ ਸਰਕਾਰ ਨੇ ਆਪਣੇ ਦਸ ਸਾਲਾ ਰਾਜ ਦੌਰਾਨ ਇਕੱਲੇ ਮੰਤਰੀਆਂ ਅਤੇ ਮੁੱਖ ਪਾਰਲੀਮੈਂਟਰੀ ਸੈਕਟਰੀਆਂ ਦੇ ਆਮਦਨ ਟੈਕਸ ਵਜੋਂ 9.95 ਕਰੋੜ ਰੁਪਏ ਤਾਰੇ ਹਨ। ਉਸ ਸਰਕਾਰ ਵੇਲੇ ਵਜ਼ੀਰਾਂ ਦਾ ਦਸ ਸਾਲਾਂ ਦਾ ਆਮਦਨ ਟੈਕਸ 6.85 ਕਰੋੜ ਰੁਪਏ ਅਤੇ ਮੁੱਖ ਪਾਰਲੀਮੈਂਟਰੀ ਸੈਕਟਰੀਆਂ ਦਾ 3.10 ਕਰੋੜ ਰੁਪਏ ਬਣਿਆ ਸੀ। ਨਵੇਂ ਮੁੱਖ ਮੰਤਰੀ ਅਮਰਿੰਦਰ ਸਿੰਘ ਆਪਣਾ ਆਮਦਨ ਟੈਕਸ ਪੱਲਿਓਂ ਤਾਰਨ ਲੱਗੇ ਹਨ।

ਪੰਜਾਬ ਵਿਧਾਨ ਸਭਾ ਦੇ 117 ਮੈਂਬਰਾਂ ਵਿੱਚੋਂ 95 ਜਣੇ ਕਰੋੜਪਤੀ ਹਨ ਤੇ ਇਹ ਫੀਸਦੀ 81 ਬਣਦੀ ਹੈ। ਬਹੁਤੇ ਵਿਧਾਇਕਾਂ ਅਤੇ ਵਜ਼ੀਰਾਂ ਦੀ ਆਮਦਨ ਛੜੱਪੇ ਮਾਰ ਕੇ ਵੱਧਦੀ ਹੈ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਤਿੰਨ ਮਾਰਚ 2004 ਨੂੰ ਵਿਧਾਇਕਾਂ ਦਾ ਆਮਦਨ ਟੈਕਸ ਸਰਕਾਰੀ ਖਜ਼ਾਨੇ 'ਚੋਂ ਭਰਨ ਦਾ ਫੈਸਲਾ ਹੋਇਆ ਸੀ। ਭਾਵੇਂ ਸਰਕਾਰ ਵਿੱਤੀ ਸੰਕਟ ਦੀ ਮਾਰ ਝੱਲ ਰਹੀ ਹੈ, ਪਰ ਆਮਦਨ ਟੈਕਸ ਦਾ ਬੋਝ ਘਟਾਉਣ ਬਾਰੇ ਸਿਰਫ ਦਿਖਾਵ ਕੀਤਾ ਹੈ। ਵਜ਼ੀਰਾਂ ਅਤੇ ਵਿਰੋਧੀ ਧਿਰ ਦੇ ਆਗੂ ਦਾ ਆਮਦਨ ਟੈਕਸ ਅੱਜ ਕੱਲ੍ਹ ਪ੍ਰਤੀ ਮਹੀਨਾ 2.85 ਲੱਖ ਰੁਪਏ ਅਤੇ ਸਾਲਾਨਾ 32.40 ਲੱਖ ਰੁਪਏ ਬਣਦਾ ਹੈ। ਮੁੱਖ ਮੰਤਰੀ ਨੇ ਖੇਤੀ ਸਬਸਿਡੀ ਛੱਡਣ ਦੀ ਵੀ ਵਿਧਾਇਕਾਂ ਨੂੰ ਅਪੀਲ ਕੀਤੀ ਸੀ, ਜੋ ਖਾਨਾਪੂਰਤੀ ਬਣ ਕੇ ਰਹਿ ਗਈ ਅਤੇ ਸਿਰਫ ਤਿੰਨ ਮੰਤਰੀਆਂ ਤੇ ਇਕ ਪਾਰਲੀਮੈਂਟ ਮੈਂਬਰ ਨੇ ਖੇਤੀ ਸਬਸਿਡੀ ਛੱਡੀ ਹੈ।

ਸੰਤ ਬਾਬਾ ਉਜਾਗਰ ਸਿੰਘ ਜੀ ਦਾਉਧਰ ਵਾਲਿਆਂ ਦੀ ਸਲਾਨਾ ਬਰਸੀ ਡਿਕਸੀ ਗੁਰੂ ਘਰ ਵਿਖੇ ਮਨਾਈ ਜਾ ਰਹੀ ਹੈ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਦਾਉਦਰ ਜਿਲ੍ਹਾ ਮੋਗਾ ਦੀ ਸੰਗਤ ਵਲੋਂ ਸੰਤ ਬਾਬਾ ਉਜਾਗਰ ਸਿੰਘ ਜੀ ਦੀ ਨਿੱਘੀ ਯਾਦ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ 23 ਦਸੰਬਰ ਦਿਨ ਐਂਤਵਾਰ ਨੂੰ ਅਰੰਭ ਕੀਤੇ ਜਾਣਗੇ ਤੇ ਭੋਗ 25 ਦਸੰਬਰ ਦਿਨ ਮੰਗਲਵਾਰ ਨੂੰ ਹਾਲ ਨੂੰ 2 ਡਿਕਸੀ ਗੁਰੂਘਰ ਵਿਖੇ ਪਾਏ ਜਾਣਗੇ। ਉਪਰੰਤ ਕਥਾ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਸਾਰੀਆਂ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਆਪਣੇ ਪਰਵਾਰਾਂ ਸਮੇਤ ਗੁਰਦੁਆਰਾ ਸਾਹਿਬ ਪਹੁੰਚੋ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:

ਆਤਮਾ ਸਿੰਘ ਬਰਾੜ: 416-543-4177

ਸੁਖਦੇਵ ਸਿੰਘ ਸੰਘਾ: 647-919-1155

7STAR IMMIGRATION

ਜੇ ਹੋਰ ਪਾਸੋ ਯਤਨ ਕਰਕੇ ਥੱਕ ਚੁਕੇ ਹੋ, ਤਾਂ ਇਕ ਵਾਰੀ ਸੇਵਾ ਦਾ ਮੌਕਾ ਜ਼ਰੂਰ ਦਿਓ!

ਵੀਜ਼ਾ ਤੇ ਇਮੀਗ੍ਰੇਸ਼ਨ ਦੀਆਂ ਸੇਵਾਵਾਂ

With Our Expert Team

- Spousal Sponsorship
- Study Visa
- Express Entry
- Work Visa
- Visitor Visa
- Super Visa
- Citizenship
- PR Card Renewal
- Caregiver Program
- Atlantic Pilot Program
- Study Permit Extension
- PNP Application
- Work Permit Extension
- LMIA Application
- Spousal Work Permit
- Multiple Visa
- Parent Sponsorship
- Grandparents Sponsorship

Simrat Nijjar
Regulated Canadian Immigration Consultant

Ph:(905) 846-0707
Fax:(905)497-0706

Visit us online: www.7starimmigration.ca or email us at: info@7starimmigration.ca

1625 Steeles Ave E., Unit 17A, Brampton, ON L6T 4T7
Main Intersection- Steeles & Advance Blvd.



# ਤਿੰਨ ਪਾਰਟੀਆਂ ਪ੍ਰਧਾਨ ਮੰਤਰੀ ਅਹੁਦੇ ਲਈ ਉਮੀਦਵਾਰ ਉਭਾਰਨ ਦੇ ਹੱਕ ਵਿੱਚ ਨਹੀਂ



ਕੋਲਕਾਤਾ, 18 ਦਸੰਬਰ (ਪੋਸਟ ਬਿਊਰੋ)- ਡੀ ਐਮ ਕੇ ਪਾਰਟੀ ਦੇ ਪ੍ਰਧਾਨ ਐਮ ਕੇ ਸਟਾਲਿਨ ਵੱਲੋਂ ਅਗਲੀਆਂ ਲੋਕ ਸਭਾ ਚੋਣਾਂ ਦੇ ਦੌਰਾਨ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਰਾਹੁਲ ਗਾਂਧੀ ਦੇ ਨਾਂ ਦਾ ਪ੍ਰਸਤਾਵ ਦੇਣ ਤੋਂ ਇਕ ਦਿਨ ਬਾਅਦ ਕੱਲ੍ਹ ਤ੍ਰਿਣਮੂਲ ਕਾਂਗਰਸ, ਐਨ ਸੀ ਪੀ ਅਤੇ ਸੀ ਪੀ ਆਈ ਨੇ ਇਸ ਬਿਆਨ ਤੋਂ ਕਿਨਾਰਾ ਕਰਦੇ ਹੋਏ ਕਿਹਾ ਹੈ ਕਿ ਇਸ ਦੀ ਫਿਲਹਾਲ ਕੋਈ ਲੋੜ ਨਹੀਂ ਹੈ। ਇਨ੍ਹਾਂ ਪਾਰਟੀਆਂ ਦੇ ਇਸ ਐਲਾਨ ਤੋਂ ਤੈਅ ਹੋ ਗਿਆ ਹੈ ਕਿ ਰਾਹੁਲ ਗਾਂਧੀ ਦੀ ਰਾਹ ਆਸਾਨ ਨਹੀਂ ਹੈ। ਤਿੰਨੇ ਪਾਰਟੀਆਂ ਦੇ ਐਲਾਨ ਤੋਂ ਸਾਬਤ ਹੁੰਦਾ ਹੈ ਕਿ ਹੋਰ ਆਗੂ ਵੀ ਪ੍ਰਧਾਨ ਮੰਤਰੀ ਵਾਲੇ ਅਹੁਦੇ ਦੇ ਦਾਅਵੇਦਾਰ ਹੋ ਸਕਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਜੇ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਦਾ ਐਲਾਨ ਚੋਣਾਂ ਤੋਂ ਪਹਿਲਾਂ ਕਰ ਦਿੱਤਾ ਗਿਆ ਤਾਂ ਗੱਠਜੋੜ ਨੂੰ ਢਾਹ ਲੱਗ ਸਕਦੀ ਹੈ।

ਤ੍ਰਿਣਮੂਲ ਕਾਂਗਰਸ ਦੇ ਇਕ ਸੀਨੀਅਰ ਆਗੂ ਨੇ ਕਿਹਾ ਟੀ ਐਮ ਸੀ ਇਕੱਲੀ ਨਹੀਂ, ਬਾਕੀ ਵਿਰੋਧੀ ਪਾਰਟੀਆਂ ਦੀ ਵੀ ਮੱਤ ਹੈ ਕਿ ਪ੍ਰਧਾਨ ਮੰਤਰੀ ਦੇ ਉਮੀਦਵਾਰ ਬਾਰੇ ਕੋਈ ਫੈਸਲਾ ਲੋਕ ਸਭਾ ਚੋਣ ਨਤੀਜੇ ਆਉਣ ਤੋਂ ਬਾਅਦ ਕੀਤਾ ਜਾਣਾ ਚਾਹੀਦਾ ਹੈ। ਐਨ ਸੀ ਪੀ ਦੇ ਆਗੂ ਨਵਾਬ ਮਲਿਕ ਨੇ ਆਖਿਆ ਕਿ ਕਾਂਗਰਸ ਖੁਦ ਪਹਿਲਾਂ ਕਹਿ ਚੁੱਕੀ ਹੈ ਕਿ ਵਿਰੋਧੀ ਧਿਰ ਦੀਆਂ ਪਾਰਟੀਆਂ ਆਮ ਚੋਣਾਂ ਤੋਂ ਬਾਅਦ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਤੈਅ ਕਰਨਗੀਆਂ, ਇਸ ਕਰਕੇ ਇਸ ਵਕਤ ਇਸ ਮੁੱਦੇ 'ਤੇ ਬਹਿਸ ਦੀ ਲੋੜ ਨਹੀਂ ਹੈ। ਉਂਜ ਜੇ ਸਟਾਲਿਨ ਨੇ ਕਾਂਗਰਸ ਦੀ ਹਮਾਇਤ ਕੀਤੀ ਹੈ ਤਾਂ ਇਹ ਚੰਗਾ ਹੀ ਹੈ। ਸੀ ਪੀ ਆਈ ਦੇ ਜਨਰਲ ਸਕੱਤਰ ਐਸ ਸੁਧਾਕਰ ਰੈਡੀ ਨੇ ਕਿਹਾ ਕਿ ਪਾਰਟੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਵਿਰੋਧੀ ਮੋਰਚੇ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਨੂੰ ਉਭਾਰਨ ਦੇ ਹੱਕ ਵਿੱਚ ਨਹੀਂ ਹੈ ਕਿਉਂਕਿ ਇਸ ਤਰ੍ਹਾਂ ਕਈ ਉਮੀਦਵਾਰ ਸਾਹਮਣੇ ਆ ਸਕਦੇ ਹਨ ਜਿਸ ਨਾਲ ਚੋਣਾਂ 'ਤੇ ਅਸਰ ਪੈ ਸਕਦਾ ਹੈ।

# ਪਾਰਲੀਮੈਂਟ ਵਿੱਚ ਅੜਿੱਕਾ ਕਾਇਮ, ਮੋਦੀ ਵਿਰੁੱਧ ਵਿਸ਼ੇਸ਼ ਅਧਿਕਾਰ ਉਲੰਘਣਾ ਦਾ ਨੋਟਿਸ



ਨਵੀਂ ਦਿੱਲੀ, 18 ਦਸੰਬਰ (ਪੋਸਟ ਬਿਊਰੋ)- ਪਾਰਲੀਮੈਂਟ ਵਿੱਚ ਵੱਖ-ਵੱਖ ਮੁੱਦਿਆਂ 'ਤੇ ਵੱਖ-ਵੱਖ ਦਲਾਂ ਦੇ ਮੈਂਬਰਾਂ ਦੇ ਭਾਰੀ ਹੰਗਾਮੇ ਕਾਰਨ ਕੱਲ੍ਹ ਵੀ ਅੜਿੱਕਾ ਕਾਇਮ ਰਿਹਾ।

ਕਾਂਗਰਸ ਨੇ ਰਾਫੇਲ ਜਹਾਜ਼ ਸੌਦੇ ਬਾਰੇ ਸੁਪਰੀਮ ਕੋਰਟ ਨੂੰ ਗੁੰਮਰਾਹ ਕਰਨ ਲਈ ਰਾਜ ਸਭਾ ਦੇ ਨਾਲ-ਨਾਲ ਲੋਕ ਸਭਾ ਵਿੱਚ ਵੀ ਵਿਸ਼ੇਸ਼ ਅਧਿਕਾਰ ਉਲੰਘਣਾ ਦਾ ਨੋਟਿਸ ਦੇ ਦਿੱਤਾ ਹੈ। ਪੰਜਾਬ ਦੇ ਗੁਰਦਾਸਪੁਰ ਤੋਂ ਕਾਂਗਰਸ ਪਾਰਲੀਮੈਂਟ ਮੈਂਬਰ ਸੁਨੀਲ ਜਾਖੜ ਨੇ ਰਾਫੇਲ ਸੌਦੇ ਦੇ ਮਾਮਲੇ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਰੁੱਧ ਲੋਕ ਸਭਾ ਵਿੱਚ ਵਿਸ਼ੇਸ਼ ਅਧਿਕਾਰ ਉਲੰਘਣਾ ਦਾ ਨੋਟਿਸ ਦਿੱਤਾ। ਰਾਜ ਸਭਾ ਵਿੱਚ ਆਪੋਜ਼ੀਸ਼ਨ ਨੇਤਾ ਗੁਲਾਮ ਨਬੀ ਆਜ਼ਾਦ ਨੇ ਇਸੇ ਮਾਮਲੇ ਵਿੱਚ ਸਰਕਾਰ ਦੇ ਵਿਰੁੱਧ ਵਿਸ਼ੇਸ਼ ਅਧਿਕਾਰ ਉਲੰਘਣਾ ਦਾ ਨੋਟਿਸ ਦਿੱਤਾ। ਦੂਸਰੇ ਪਾਸੇ ਰਾਜ ਸਭਾ ਵਿੱਚ ਕਾਵੇਰੀ ਜਲ, ਆਂਧਰਾ ਪ੍ਰਦੇਸ਼ ਨੂੰ ਵਿਸ਼ੇਸ਼ ਰਾਜ ਦਾ ਦਰਜਾ, ਰਾਫੇਲ ਸੌਦੇ ਸਮੇਤ ਵੱਖ-ਵੱਖ ਮੁੱਦਿਆਂ 'ਤੇ ਵੱਖ-ਵੱਖ ਦਲਾਂ ਦੇ ਮੈਂਬਰਾਂ ਦੇ ਹੰਗਾਮੇ ਕਾਰਨ ਬੈਠਕ ਨੂੰ ਸ਼ੁਰੂ ਹੋਣ ਦੇ ਕਰੀਬ ਪੰਜ ਮਿੰਟ ਬਾਅਦ ਹੀ ਪੂਰੇ ਦਿਨ ਲਈ ਮੁਲਤਵੀ ਕਰ ਦਿੱਤਾ ਗਿਆ। ਲੋਕ ਸਭਾ 'ਚ ਸਰਕਾਰ ਨੇ ਸ਼ੋਰ ਸ਼ਰਾਬੇ ਵਿਚਾਲੇ ਹੀ ਤਿੰਨ ਤਲਾਕ 'ਤੇ ਨਵਾਂ ਬਿੱਲ ਪੇਸ਼ ਕੀਤਾ। ਪਾਰਲੀਮੈਂਟ ਦਾ ਸਰਦ ਰੁੱਤ ਸੈਸ਼ਨ ਸ਼ੁਰੂ ਹੋਣ ਤੋਂ ਬਾਅਦ ਦੋਵਾਂ ਸਦਨਾਂ ਵਿੱਚ ਕੱਲ੍ਹ ਲਗਾਤਾਰ ਚੌਥੇ ਕੰਮਕਾਜੀ ਦਿਨ ਪ੍ਰਸ਼ਨਕਾਲ ਅਤੇ ਜ਼ੀਰੋ ਕਾਲ ਵਿੱਚ ਕੰਮਕਾਜੀ ਵਿਘਨ ਪਿਆ ਰਿਹਾ।

## ਸਮਾਰਟਫੋਨ ਤੋਂ ਬਿਨਾਂ ਰਹੋ ਤੇ ਇਕ ਸਾਲ ਵਿੱਚ ਇੱਕ ਲੱਖ ਡਾਲਰ ਕਮਾ ਲਓ

ਨਵੀਂ ਦਿੱਲੀ, 18 ਦਸੰਬਰ (ਪੋਸਟ ਬਿਊਰੋ)- ਜੇ ਕੋਈ ਇਕ ਸਾਲ ਬਿਨਾਂ ਸਮਾਰਟਫੋਨ ਦੇ ਰਹਿ ਸਕਦਾ ਹੈ ਤਾਂ ਉਹਦੇ ਲਈ 1 ਲੱਖ ਡਾਲਰ ਕਮਾਉਣ ਦਾ ਬਿਹਤਰੀਨ ਮੌਕਾ ਹੈ। ਦਰਅਸਲ 'ਵਿਟਾਮਿਨਵਾਟਰ' ਨੇ ਇਕ ਖਾਸ ਮੁਕਾਬਲੇਬਾਜ਼ੀ ਦੀ ਸ਼ੁਰੂਆਤ ਕੀਤੀ ਹੈ। ਪ੍ਰਸਿੱਧ ਕੰਪਨੀ 'ਕੋਕਾ ਕੋਲਾ' ਹੀ ਇਸ 'ਵਿਟਾਮਿਨਵਾਟਰ' ਵੀ ਬਣਾਉਂਦੀ ਹੈ। ਇਸ ਨੇ ਭਾਰਤ ਵਿਚ ਇਕ ਮੁਕਾਬਲੇਬਾਜ਼ੀ ਦੀ ਸ਼ੁਰੂਆਤ ਕੀਤੀ ਹੈ, ਜਿਸ ਤਹਿਤ ਜੇਤੂ ਨੂੰ 1 ਲੱਖ ਡਾਲਰ ਦਿੱਤੇ ਜਾਣਗੇ। ਇਸ ਵਿਚ ਹਿੱਸਾ ਲੈਣ ਵਾਲੇ ਮੁਕਾਬਲੇਬਾਜ਼ਾਂ ਨੂੰ ਇਕ ਸਾਲ ਤੱਕ ਸਮਾਰਟਫੋਨ ਦੀ ਵਰਤੋਂ ਨਹੀਂ ਕਰਨੀ ਹੋਵੇਗੀ।

ਸਮਾਰਟਫੋਨ ਦੀ ਥਾਂ ਕੰਪਨੀ ਮੁਕਾਬਲੇਬਾਜ਼ਾਂ ਨੂੰ ਕਾਲ ਕਰਨ ਲਈ ਸਾਲ 1996 ਦਾ ਬਣਿਆ ਮੋਬਾਈਲ ਦੇਵੇਗੀ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ 'ਵਿਟਾਮਿਨਵਾਟਰ' ਦੀ ਐਸੋਸੀਏਟ ਬ੍ਰਾਂਡ ਮੈਨੇਜਰ ਨਤਾਲੀਆ ਸੁਰੇਜ ਨੇ ਦੱਸਿਆ ਕਿ ਸਾਨੂੰ ਲੱਗਦਾ ਹੈ ਕਿ ਇਹ ਇਕ ਮੌਕਾ ਹੈ ਕਿ ਤੁਸੀਂ ਆਪਣੇ ਫੋਨ ਨੂੰ ਇਕ ਸਾਲ ਬਿਨਾਂ ਸਕਰਾਲ ਕੀਤੇ 72 ਲੱਖ ਰੁਪਏ ਜਿੱਤ ਸਕਦੇ ਹੋ। ਖਾਸ ਗੱਲ ਇਹ ਕਿ ਤੁਸੀਂ ਇਸ ਚੈਲੇਂਜ ਨੂੰ ਨੌਕਰੀ ਕਰਦੇ ਹੋਏ ਪੂਰਾ ਕਰ ਸਕਦੇ ਹੋ। ਮੁਕਾਬਲੇਬਾਜ਼ੀ ਦੇ ਨਿਯਮ ਹੇਠ ਤੁਸੀਂ ਲੈਪਟਾਪ ਜਾਂ ਡੈਸਕਟਾਪ ਕੰਪਿਊਟਰ ਦੀ ਵਰਤੋਂ ਕਰ ਸਕਦੇ ਹੋ, ਸਿਰਫ ਕੰਪਨੀ ਦਾ ਦਿੱਤਾ ਫੋਨ ਹੀ ਵਰਤਣਾ ਹੋਵੇਗਾ।

## ਘਰ ਤੋਂ ਵੱਧ ਦਫਤਰ ਵਿੱਚ ਖੁਸ਼ ਰਹਿੰਦੀਆਂ ਹਨ ਔਰਤਾਂ

ਨਵੀਂ ਦਿੱਲੀ, 18 ਦਸੰਬਰ (ਪੋਸਟ ਬਿਊਰੋ)- ਬਹੁਤ ਸਾਰੇ ਲੋਕ ਆਪਣੇ ਦਫਤਰ ਨੂੰ ਸਟ੍ਰੈਸਫੁਲ ਥਾਂ ਮੰਨਦੇ ਅਤੇ ਸ਼ਾਮ ਦੇ ਸਮੇਂ ਘਰ ਪਰਤਣ ਦਾ ਇੰਤਜ਼ਾਰ ਕਰਦੇ ਨਜ਼ਰ ਆਉਂਦੇ ਹਨ ਪਰ ਇਸ ਭਰੋਸੇ ਤੋਂ ਠੀਕ ਉਲਟ ਅਮਰੀਕਾ ਦੀ ਪੈਨ ਸਟੇਟ ਯੂਨੀਵਰਸਿਟੀ 'ਚ ਹੋਈ ਸਟਡੀ ਦੇ ਨਤੀਜੇ ਦੱਸਦੇ ਹਨ ਕਿ ਕਈ ਲੋਕ ਖਾਸ ਕਰਕੇ ਔਰਤਾਂ ਆਪਣੇ ਘਰ ਦੀ ਤੁਲਨਾ 'ਚ ਦਫਤਰ 'ਚ ਘੱਟ ਤਣਾਅ ਮਹਿਸੂਸ ਕਰਦੀਆਂ ਹਨ।

ਖੋਜਕਾਰਾਂ ਨੇ ਸਟਡੀ ਵਿੱਚ ਸ਼ਾਮਲ 122 ਮੁਕਾਬਲੇਬਾਜ਼ਾਂ ਦਾ ਪੂਰਾ ਹਫਤਾ ਕਾਰਟੀਸੋਲ ਯਾਨੀ ਸਟ੍ਰੈੱਸ ਹਾਰਮੋਨ ਦੇ ਲੈਵਲ ਦੀ ਜਾਂਚ ਕੀਤੀ ਅਤੇ ਨਾਲ ਉਸ ਨੇ ਦਿਨ ਦੇ ਵੱਖ-ਵੱਖ ਸਮੇਂ ਉੱਤੇ ਆਪਣੇ ਮੂਡ ਨੂੰ ਰੇਟ ਕਰਨ ਲਈ ਕਿਹਾ। ਇਸ ਸਟਡੀ ਦੇ ਨਤੀਜੇ ਦੱਸਦੇ ਹਨ ਕਿ ਆਪਣੇ ਵਰਕ ਪਲੇਸ ਉਤੇ ਘਰ ਦੀ ਤੁਲਨਾ 'ਚ ਲੋਕ ਘੱਟ ਤਣਾਅ ਵਿੱਚ ਨਜ਼ਰ ਆਏ। ਇਸ ਵਿਸ਼ੇ 'ਤੇ ਜਦੋਂ ਡੂੰਘਾਈ ਨਾਲ ਜਾਂਚ ਕੀਤੀ ਤਾਂ ਖੋਜਕਾਰਾਂ ਨੇ ਦੇਖਿਆ ਕਿ ਔਰਤਾਂ ਘਰ ਦੀ ਤੁਲਨਾ ਵਿੱਚ ਦਫਤਰ 'ਚ ਵੱਧ ਖੁਸ਼ ਰਹਿੰਦੀਆਂ ਹਨ, ਪਰ ਮਰਦ ਆਫਿਸ ਤੋਂ ਜ਼ਿਆਦਾ ਘਰ ਖੁਸ਼ ਰਹਿੰਦੇ ਹਨ। ਵੱਖ-ਵੱਖ ਸਮਾਜਿਕ ਅਤੇ ਆਰਥਿਕ ਬੈਕਗਰਾਊਂਡ 'ਚ ਇਹ ਨਤੀਜੇ ਇਕੋ ਨਜ਼ਰ ਆਏ। ਖੋਜਕਾਰਾਂ ਦੀ ਮੰਨੀਏ ਤਾਂ ਜੌਬ ਸੈਟਿਸਫੈਕਸ਼ਨ ਇਸ ਦਾ ਸਭ ਤੋਂ ਵੱਡਾ ਕਾਰਨ ਹੈ। ਦੇਖਣ 'ਚ ਆਉਂਦਾ ਹੈ ਕਿ ਔਰਤਾਂ ਨੂੰ ਜੋ ਜੌਬ ਪਸੰਦ ਨਹੀਂ ਤਾਂ ਉਹ ਉਸ ਨੂੰ ਆਸਾਨੀ ਨਾਲ ਬਦਲ ਕੇ ਅਜਿਹੀ ਜੌਬ ਕਰਨ ਲੱਗਦੀਆਂ ਹਨ, ਜਿਸ 'ਚ ਉਨ੍ਹਾਂ ਨੂੰ ਖੁਸ਼ੀ ਮਿਲਦੀ ਹੈ।

# ਰਾਫੇਲ ਮੁੱਦੇ ਬਾਰੇ ਹਵਾਈ ਫੌਜ ਦੇ ਮੁਖੀ ਨੇ ਰੱਖਿਆ ਮੰਤਰੀ ਵੱਲ ਚਿੱਠੀ ਲਿਖੀ



ਨਵੀਂ ਦਿੱਲੀ, 18 ਦਸੰਬਰ (ਪੋਸਟ ਬਿਊਰੋ)- ਰਾਫੇਲ ਜੰਗੀ ਜਹਾਜ਼ਾਂ ਦੇ ਸੌਦੇ 'ਤੇ ਮਚੇ ਘਮਾਸਾਨ ਅਤੇ ਸੁਪਰੀਮ ਕੋਰਟ ਦਾ ਫੈਸਲਾ ਆਉਣ ਤੋਂ ਬਾਅਦ ਹਵਾਈ ਫੌਜਅ ਦੇ ਮੁਖੀ ਬਰਿੰਦਰ ਸਿੰਘ ਧਨੋਆ ਨੇ ਰੱਖਿਆ ਮੰਤਰੀ ਨਿਰਮਲਾ ਸੀਤਾਰਮਨ ਨੂੰ ਚਿੱਠੀ ਲਿਖੀ ਹੈ, ਜਿਸ ਵਿਚ ਧਨੋਆ ਨੇ ਲੜਾਕੂ ਜਹਾਜ਼ਾਂ ਨੂੰ ਜ਼ਰੂਰੀ ਦੱਸਿਆ ਅਤੇ ਕਿਹਾ ਕਿ ਰਾਫੇਲ ਨੂੰ ਰਾਜਨੀਤੀ ਦਾ ਵਿਸ਼ਾ ਨਹੀਂ ਬਣਾਉਣਾ ਚਾਹੀਦਾ। ਇਸ ਚਿੱਠੀ ਵਿੱਚ ਉਨ੍ਹਾਂ ਨੇ ਬੇਨਤੀ ਕੀਤੀ ਕਿ ਸਭ ਵਿਵਾਦਾਂ ਦੇ ਬਾਵਜੂਦ ਰਾਫੇਲ ਦੀ ਫਰਾਂਸ ਤੋਂ ਖਰੀਦ ਰੁਕਣੀ ਨਹੀਂ ਚਾਹੀਦੀ।

ਏਅਰ ਚੀਫ ਮਾਰਸ਼ਲ ਧਨੋਆ ਦੇ ਮੁਤਾਬਕ ਸੁਰੱਖਿਆ ਦੇ ਪੱਖ ਤੋਂ ਰਾਫੇਲ ਬੇਹੱਦ ਜ਼ਰੂਰੀ ਹੈ। ਇਕ ਅੰਗਰੇਜ਼ੀ ਅਖਬਾਰ ਦੀ ਖਬਰ ਮੁਤਾ-ਬਕ ਹਵਾਈ ਫੌਜ ਮੁਖੀ ਨੇ ਚਿੱਠੀ ਵਿੱਚ ਲਿਖਿਆ ਕਿ ਰੱਖਿਆ ਮੰਤਰਾਲੇ ਜਹਾਜ਼ ਦੀ ਖਰੀਦ ਤੋਂ ਪਿੱਛੇ ਨਾ ਹਟੇ, ਕਿਉਂਕਿ ਇਸ ਦਾ ਖਮਿਆਜ਼ਾ ਕਿਸੇ ਹੋਰ ਨੂੰ ਨਹੀਂ, ਏਅਰਫੋਰਸ ਨੂੰ ਭੁਗਤਣਾ ਪਵੇਗਾ। ਰਾਫੇਲ ਜਹਾਜ਼ ਦੀ ਸਮਰੱਥਾ ਨੂੰ ਦੇਖਦੇ ਹੋਏ ਇਹ ਫੌਜ ਲਈ ਬਹੁਤ ਜ਼ਰੂਰੀ ਹੈ। ਚਿੱਠੀ 'ਚ ਧਨੋਆ ਨੇ ਸਰਕਾਰ ਦਾ ਧਿਆਨ ਜਹਾਜ਼ਾਂ ਦੇ ਬੇੜੇ ਦੀ ਘਟਦੀ ਸਮਰੱਥਾ ਵੱਲ ਵੀ ਦਿਵਾਇਆ ਹੈ। ਵਰਨਣ ਯੋਗ ਹੈ ਕਿ ਰਾਫੇਲ ਬਾਰੇ ਕਾਂਗਰਸ ਲਗਾਤਾਰ ਮੋਦੀ ਸਰਕਾਰ ਨੂੰ ਘੇਰ ਰਹੀ ਹੈ। ਸੁਪਰੀਮ ਕੋਰਟ ਤੋਂ ਕਲੀਨ ਚਿਟ ਮਿਲਣ ਦੇ ਬਾਵਜੂਦ ਕਾਂਗਰਸ ਰਾਫੇਲ 'ਤੇ ਮੋਦੀ ਸਰਕਾਰ ਨੂੰ ਛੱਡਣ ਦੇ ਮੂਡ 'ਚ ਨਹੀਂ ਹੈ। ਕਾਂਗਰਸ ਚਾਹੁੰਦੀ ਹੈ ਕਿ ਮੋਦੀ ਸਰਕਾਰ ਰਾਫੇਲ ਦੀਆਂ ਕੀਮਤਾਂ ਨੂੰ ਵੀ ਜਨਤਕ ਕਰੇ।

# ਭਾਜਪਾ ਨੇਤਾ ਅਨੁਰਾਗ ਠਾਕੁਰ ਨੇ ਰਾਹੁਲ ਗਾਂਧੀ ਖਿਲਾਫ ਵਿਸ਼ੇਸ਼ ਅਧਿਕਾਰ ਦਾ ਨੋਟਿਸ ਦਿੱਤਾ



ਨਵੀਂ ਦਿੱਲੀ, 18 ਦਸੰਬਰ (ਪੋਸਟ ਬਿਊਰੋ)- ਰਾਫੇਲ ਜੰਗੀ ਹਵਾਈ ਜਹਾਜ਼ ਸਮਝੌਤੇ ਬਾਰੇ ਸੁਪਰੀਮ ਕੋਰਟ ਦਾ ਫੈਸਲਾ ਆਉਣ ਤੋਂ ਬਾਅਦ ਬਾਜਪਾ ਕਾਂਗਰਸ ਨੂੰ ਘੇਰਨ ਦਾ ਕੋਈ ਮੌਕਾ ਛੱਡਣਾ ਨਹੀਂ ਚਾਹੁੰਦੀ। ਇਸ ਮੁੱਦੇ 'ਤੇ ਆਪਣੀ ਮੁਹਿੰਮ ਨੂੰ ਹੋਰ ਤੇਜ਼ ਕਰਦੇ ਹੋਏ ਭਾਜਪਾ ਪਾਰਲੀਮੈਂਟ ਮੈਂਬਰ ਅਨੁਰਾਗ ਠਾਕੁਰ ਨੇ ਬੀਤੇ ਦਿਨ ਲੋਕ ਸਭਾ ਵਿੱਚ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਖਿਲਾਫ ਵਿਸ਼ੇਸ਼ ਅਧਿਕਾਰ ਹਨਨ ਦੇ ਨੋਟਿਸ ਦਾ ਮਤਾ ਪੇਸ਼ ਕੀਤਾ।

ਅਨੁਰਾਗ ਠਾਕੁਰ ਦਾ ਕਹਿਣਾ ਹੈ ਕਿ ਬੀਤੀ 20 ਜੁਲਾਈ ਨੂੰ ਬੇਭਰੋਸਗੀ ਮਤੇ ਵੇਲੇ ਰਾਹੁਲ ਨੇ ਆਪਣੇ ਭਾਸ਼ਣ ਨਾਲ ਸਦਨ ਨੂੰ ਗੁੰਮਰਾਹ ਕੀਤਾ ਅਤੇ ਇਸ ਦੇ ਲਈ ਉਨ੍ਹਾਂ ਨੂੰ ਮੁਆਫੀ ਮੰਗਣੀ ਚਾਹੀਦੀ ਹੈ। ਆਪਣੇ ਨੋਟਿਸ ਵਿੱਚ ਠਾਕੁਰ ਨੇ ਕਿਹਾ ਕਿ ਰਾਹੁਲ ਨੇ ਲੜਾਕੂ ਜਹਾਜ਼ ਰਾਫੇਲ ਦੀ ਕੀਮਤ ਦੀ ਤੁਲਨਾ ਯੂ ਪੀ ਏ ਦੇ ਸ਼ਾਸਨ ਨਾਲ ਕੀਤੀ, ਜੋ ਕਲਪਨਾ ਉਤੇ ਆਧਾਰਤ, ਗਲਤ ਤੇ ਪੂਰੀ ਤਰ੍ਹਾਂ ਝੂਠ ਹੈ। ਉਨ੍ਹਾਂ ਕਿਹਾ, ਰਾਸ਼ਟਰੀ ਸੁਰੱਖਿਆ ਦਾ ਹਵਾਲਾ ਦਿੰਦੇ ਹੋਏ ਭਾਰਤ ਸਰਕਾਰ ਨੇ ਰਾਫੇਲ ਦਾ ਸਹੀ ਬਿਓਰਾ ਨਹੀਂ ਦਿੱਤਾ, ਪਰ ਇਸ ਦਾ ਸੰਕੇਤ ਦਿੱਤਾ ਹੈ ਕਿ 2016 ਦੇ ਸਮਝੌਤੇ ਤੋਂ ਉਲਟ ਖਰੀਦੇ ਜਾ ਰਹੇ ਜਹਾਜ਼ਾਂ ਦੀ ਕੀਮਤ ਯੂ ਪੀ ਏ ਦੇ ਸ਼ਾਸਨ ਦੌਰਾਨ ਤੈਅ ਕੀਮਤ ਤੋਂ 20 ਫੀਸਦੀ ਘੱਟ ਹੈ।

# ਤੀਹਰੇ ਤਲਾਕ ਲਈ ਲੋਕ ਸਭਾ ਵਿੱਚ ਨਵੇਂ ਸਿਰਿਓਂ ਬਿੱਲ ਪੇਸ਼




ਨਵੀਂ ਦਿੱਲੀ, 18 ਦਸੰਬਰ (ਪੋਸਟ ਬਿਊਰੋ)- ਮੁਸਲਿਮ ਭਾਈਚਾਰੇ ਵਿੱਚ ਪ੍ਰਚੱਲਿਤ ਤੀਹਰੇ ਤਲਾਕ ਦੀ ਰੀਤ ਨੂੰ ਸਜ਼ਾ ਯੋਗ ਅਪਰਾਧ ਦੀ ਸ਼੍ਰੇਣੀ ਵਿੱਚ ਸ਼ਾਮਲ ਕਰਨ ਨਾਲ ਸਬੰਧਤ ਸੱਜਰਾ ਬਿੱਲ ਕੱਲ੍ਹ ਲੋਕ ਸਭਾ ਵਿੱਚ ਪੇਸ਼ ਕੀਤਾ ਗਿਆ। ਇਹ ਬਿੱਲ ਸਰਕਾਰ ਵੱਲੋਂ ਸਤੰਬਰ ਵਿੱਚ ਇਸ ਸਬੰਧੀ ਜਾਰੀ ਆਰਡੀਨੈਂਸ ਦੀ ਥਾਂ ਲਏਗਾ।

ਇਸ ਤਜਵੀਜ਼ਤ ਕਾਨੂੰਨ ਤਹਿਤ ਮੌਕੇ 'ਤੇ ਤੀਹਰਾ ਤਲਾਕ ਦੇਣਾ ਗੈਰ ਕਾਨੂੰਨੀ ਹੋਵੇਗਾ ਤੇ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਪਤੀ ਨੂੰ ਤਿੰਨ ਸਾਲ ਜੇਲ੍ਹ ਦੀ ਸਜ਼ਾ ਹੋਵੇਗੀ। ਦਿ ਮੁਸਲਿਮ ਵਿਮੈਨ (ਵਿਆਹ ਵਾਲੇ ਹੱਕਾਂ ਦੀ ਸੁਰੱਖਿਆ) ਦਾ ਬਿੱਲ 2018 ਲੋਕ ਸਭਾ ਵਿੱਚ ਪਾਸ ਹੋ ਚੁੱਕੇ ਪਿਛਲੇ ਬਿੱਲ ਦੀ ਥਾਂ ਲਏਗਾ। ਇਹ ਬਿੱਲ ਰਾਜ ਸਭਾ ਵਿੱਚ ਪਾਸ ਹੋਣਾ ਅਜੇ ਬਕਾਇਆ ਸੀ। ਉਪਰਲੇ ਸਦਨ ਵਿੱਚ ਕੁਝ ਪਾਰਟੀਆਂ ਦੇ ਵਿਰੋਧ ਦੇ ਕਾਰਨ ਸਰਕਾਰ ਨੇ ਇਸ ਬਿੱਲ ਨਾਲ ਸਬੰਧਤ ਕੁਝ ਸੋਧਾਂ ਨੂੰ ਪਾਸ ਕਰ ਦਿੱਤਾ ਸੀ, ਪਰ ਵਿਰੋਧ ਕਾਇਮ ਰਹਿਣ ਕਰਕੇ ਸਰਕਾਰ ਨੂੰ ਸਤੰਬਰ ਵਿਚ ਬਿੱਲ ਨੂੰ ਕਾਨੂੰਨੀ ਮਾਨਤਾ ਦਿਵਾਉਣ ਲਈ ਆਰਡੀਨੈਂਸ ਦਾ ਰਾਹ ਅਖਤਿਆਰ ਕਰਨਾ ਪਿਆ। ਕਿਸੇ ਵੀ ਆਰਡੀਨੈਂਸ ਦੀ ਮਿਆਦ ਛੇ ਮਹੀਨੇ ਹੁੰਦੀ ਹੈ ਤੇ ਸਰਕਾਰ ਨੂੰ ਸਰਦ ਰੁੱਤ ਇਜਲਾਸ ਦੌਰਾਨ 42 ਦਿਨਾਂ ਦੇ ਅੰਦਰ ਇਸ ਸੱਜਰੇ ਬਿੱਲ ਨੂੰ ਕਾਨੂੰਨ ਦਾ ਰੂਪ ਦੇਣ ਲਈ ਇਸ 'ਤੇ ਸੰਸਦੀ ਪ੍ਰਵਾਨਗੀ ਦੀ ਮੋਹਰ ਲਵਾਉਣੀ ਹੋਵੇਗੀ। ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਵੱਲੋਂ ਪੇਸ਼ ਇਸ ਬਿੱਲ ਦਾ ਕਾਂਗਰਸੀ ਆਗੂ ਸ਼ਸ਼ੀ ਥਰੂਰ ਨੇ ਵਿਰੋਧ ਕੀਤਾ। ਥਰੂਰ ਨੇ ਕਿਹਾ ਕਿ ਤਲਾਕ ਨੂੰ ਸਜ਼ਾ ਯੋਗ ਅਪਰਾਧ ਨਹੀਂ ਬਣਾਇਆ ਜਾ ਸਕਦਾ ਤੇ ਬਿੱਲ ਵਿਚਲੀਆਂ ਮੱਦਾਂ ਸੰਵਿਧਾਨ ਦੇ ਬੁਨਿਆਦੀ ਸਿਧਾਂਤਾਂ ਦੇ ਖਿਲਾਫ ਹਨ।




UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6



FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424



• Insurance •
Punjab Insurance Inc

- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA

Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca


## ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜਾ ਸਾਹਿਬ ਦੀ ਧਰਤੀ'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਅਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਮੰਗਲਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰੂ ਘਰ ਦੀਆਂ ਹਾਜਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੋ ਜੀ।

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਗੜ੍ਹੀ- 647-207-1887, ਸਤਪਾਲ ਸਿੰਘ ਗਰੇਵਾਲ ਨੂੰ 519-405-0075, ਜਸਵੰਤ ਸਿੰਘ ਰਜ਼ੂਲ 647-856-9612, ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 905-458-6446,ਅਜੀਤ ਸਿੰਘ ਉਰਨਾ 647-308-0360, ਇੰਦਰਜੀਤ ਸਿੰਘ ਗਿੱਲ 416-918-9459 ਨੂੰ ਸੰਪਰਕ ਕਰੋ ਜੀ।



BANKRUPTCY, PROPOSAL, R9.........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9

# ਪੇਸ਼ਾਵਰ ਹਾਈ ਕੋਰਟ ਨੇ ਗੁਰਦੁਆਰੇ ਦੀ ਨਿਲਾਮੀ ਉਤੇ ਰੋਕ ਲਾਈ



ਲਾਹੌਰ, 18 ਦਸੰਬਰ (ਪੋਸਟ ਬਿਊਰੋ)- ਪਿਸ਼ਾਵਰ ਸ਼ਹਿਰ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਇਕ ਵੱਡੇ ਹਿੱਸੇ ਦੀ ਪਾਕਿਸਤਾਨ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ (ਈ ਟੀ ਪੀ ਬੀ) ਵੱਲੋਂ ਕਰਵਾਈ ਜਾ ਰਹੀ ਨਿਲਾਮੀ ਉੱਤੇ ਪਿਸ਼ਾਵਰ ਹਾਈ ਕੋਰਟ ਨੇ ਅਗਲੇ ਹੁਕਮਾਂ ਤੱਕ ਰੋਕ ਲਾ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਈ ਟੀ ਪੀ ਬੀ ਵੱਲੋਂ ਗੁਰਦੁਆਰਾ ਭਾਈ ਬੀਬਾ ਸਿੰਘ ਦਾ ਇਕ ਹਿੱਸਾ ਵਪਾਰਕ ਕੰਮਾਂ ਲਈ ਬਾਹਰੀ ਵਿਅਕਤੀ ਨੂੰ ਵੇਚਿਆ ਜਾ ਰਿਹਾ ਸੀ, ਜਿਸ 'ਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸਾਹਿਬ ਸਿੰਘ, ਗੁਰਪਾਲ ਸਿੰਘ, ਦਰਸ਼ਨ ਸਿੰਘ ਅਤੇ ਹਰਦਿਆਲ ਸਿੰਘ ਨੇ ਨਿਲਾਮੀ ਦੀ ਕਾਰਵਾਈ ਨੂੰ ਅਯੋਗ ਦੱਸਦਿਆਂ ਪਿਸ਼ਾਵਰ ਹਾਈ ਕੋਰਟ 'ਚ ਇਸ ਬਾਰੇ ਅਪੀਲ ਦਾਇਰ ਕੀਤੀ ਸੀ। ਵਰਨਣ ਯੋਗ ਹੈ ਕਿ ਪਿਸ਼ਾਵਰ ਦੇ ਹਸ਼ਤਨਗਰੀ ਵਾਲੇ ਇਲਾਕੇ ਦੇ ਮੁਹੱਲਾ ਝੁੱਗੀਵਾੜਾ ਦੀ ਚੱਕੀ ਗਲੀ ਵਿੱਚ ਉਕਤ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਭਾਈ ਬੀਬਾ ਸਿੰਘ ਨਾਲ ਸਬੰਧਤ ਹੈ। ਕੇਸ ਦੀ ਸੁਣਵਾਈ ਕਰ ਰਹੇ ਜਸਟਿਸ ਇਕਰਮੁੱਲਾ ਖਾਨ ਅਤੇ ਜਸਟਿਸ ਮੁਸੱਰਤ ਹਿਲਾਲੀ ਦੇ ਬੈਂਚ ਨੇ ਪਿਸ਼ਾਵਰ ਪੁਲਸ ਅਤੇ ਈ ਟੀ ਪੀ ਬੀ ਨੂੰ ਤੁਰੰਤ ਗੁਰਦੁਆਰਾ ਭਾਈ ਬੀਬਾ ਸਿੰਘ ਦੇ ਇਕ ਹਿੱਸੇ ਉਤੇ ਬਾਹਰੀ ਵਿਅਕਤੀ ਦਾ ਕਬਜ਼ਾ ਹੋਣ ਤੋਂ ਰੋਕਣ ਦੇ ਹੁਕਮ ਜਾਰੀ ਕਰ ਕੇ ਕੇਂਦਰ ਸਰਕਾਰ, ਖੈਬਰ ਪਖਤੂਨਖਵਾ ਸੂਬਾ ਸਰਕਾਰ, ਈ ਟੀ ਪੀ ਬੀ ਦੇ ਚੇਅਰਮੈਨ, ਡਿਪਟੀ ਸਕੱਤਰ ਤੇ ਪਿਸ਼ਾਵਰ ਦੇ ਡਿਪਟੀ ਪ੍ਰਬੰਧਕ ਨੂੰ ਨੋਟਿਸ ਜਾਰੀ ਕੀਤੇ ਹਨ।

# ਭਾਰਤ ਦੇ ਹਾਮਿਦ ਨੂੰ ਪਾਕਿ ਨੇ ਛੇ ਸਾਲ ਬਾਅਦ ਛੱਡਿਆ



ਇਸਲਾਮਾਬਾਦ, 18 ਦਸੰਬਰ (ਪੋਸਟ ਬਿਊਰੋ)- ਭਾਰਤੀ ਕੈਦੀ ਹਾਮਿਦ ਨਿਹਾਲ ਅੰਸਾਰੀ (33) ਨੂੰ ਪਾਕਿ-ਸਤਾਨ ਨੇ ਕੱਲ੍ਹ ਰਿਹਾਅ ਕਰ ਦਿੱਤਾ। ਉਸ ਨੂੰ ਪਾਕਿਸਤਾਨੀ ਖੁਫੀਆ ਏਜੰਸੀਆਂ ਨੇ 2012 ਵਿੱਚ ਗ੍ਰਿਫਤਾਰ ਕੀਤਾ ਸੀ ਅਤੇ ਫਿਰ ਫਰਜ਼ੀ ਪਾਕਿਸਤਾਨੀ ਪਛਾਣ ਪੱਤਰ ਰੱਖਣ ਦੇ ਦੋਸ਼ ਵਿੱਚ ਫੌਜੀ ਅਦਾਲਤ ਨੇ ਉਸ ਨੂੰ 15 ਦਸੰਬਰ 2015 ਨੂੰ ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਸੀ। ਸਜ਼ਾ ਸੁਣਾਏ ਜਾਣ ਪਿੱਛੋਂ ਮੁੰਬਈ ਵਾਸੀ ਹਾਮਿਦ ਨੂੰ ਪੇਸ਼ਾਵਰ ਸੈਂਟਰਲ ਜੇਲ੍ਹ ਵਿੱਚ ਰੱਖਿਆ ਗਿਆ ਸੀ। ਉਸ ਦੀ ਤਿੰਨ ਸਾਲ ਦੀ ਸਜ਼ਾ 15 ਦਸੰਬਰ 2018 ਨੂੰ ਪੂਰੀ ਹੋ ਗਈ ਸੀ, ਪਰ ਕਾਨੂੰਨੀ ਦਸਤਾਵੇਜ਼ ਤਿਆਰ ਨਾ ਹੋਣ ਦੇ ਕਾਰਨ ਉਸ ਨੂੰ ਰਿਹਾਅ ਨਹੀਂ ਕੀਤਾ ਜਾ ਸਕਿਆ ਸੀ। ਪਾਕਿਸਤਾਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮੁਹੰਮਦ ਫੈਸਲ ਨੇ ਦਾਅਵਾ ਕੀਤਾ ਕਿ ਅੰਸਾਰੀ ਇੱਕ ਭਾਰਤੀ ਜਾਸੂਸ ਸੀ, ਜੋ ਗੈਰ ਕਾਨੂੰਨੀ ਢੰਗ ਨਾਲ ਪਾਕਿਸਤਾਨ ਆਇਆ ਸੀ। ਉਹ ਸਰਕਾਰ ਵਿਰੋਧੀ ਅਪਰਾਧਾਂ ਅਤੇ ਜਾਅਲੀ ਦਸਤਾਵੇਜ਼ ਤਿਆਰ ਕਰਨ ਵਿੱਚ ਸ਼ਾਮਲ ਸੀ। ਸਾਲ 2012 ਵਿੱਚ ਕੋਹਾਟ ਵਿੱਚ ਪਾਕਿਸਤਾਨੀ ਖੁਫੀਆ ਏਜੰਸੀਆਂ ਤੇ ਸਥਾਨਕ ਪੁਲਸ ਵੱਲੋਂ ਹਿਰਾਸਤ ਵਿੱਚ ਲਏ ਜਾਣ ਦੇ ਬਾਅਦ ਹਾਮਿਦ ਨਿਹਾਲ ਅੰਸਾਰੀ ਲਾਪਤਾ ਹੋ ਗਿਆ ਸੀ। ਪਤਾ ਲੱਗਾ ਹੈ ਕਿ ਹਾਮਿਦ ਆਨਲਾਈਨ ਫਰੈਂਡ ਬਣੀ ਇੱਕ ਲੜਕੀ ਨੂੰ ਮਿਲਣ ਲਈ ਅਫਗਾਨਿਸਤਾਨ ਰਸਤੇ ਪਾਕਿਸਤਾਨ ਪੁੱਜਾ ਸੀ। ਵੀਰਵਾਰ ਨੂੰ ਪੇਸ਼ਾਵਰ ਹਾਈ ਕੋਰਟ ਨੇ ਵਕੀਲ ਕਾਜ਼ੀ ਮੁਹੰਮਦ ਅਨਵਰ ਦੇ ਜ਼ਰੀਏ ਹਾਮਿਦ ਦੀ ਅਪੀਲ 'ਤੇ ਸੁਣਵਾਈ ਕੀਤੀ।

# ਜ਼ਿਆਦਾਤਰ ਅਮਰੀਕੀ ਵੀ ਵਿਦੇਸ਼ ਰਹਿਣਾ ਚਾਹੁੰਦੇ ਨੇ



ਲੰਡਨ, 18 ਦਸੰਬਰ (ਪੋਸਟ ਬਿਊਰੋ)- ਮੌਜੂਦਾ ਸਮੇਂ ਜ਼ਿਆਦਾ ਦੇਸ਼ਾਂ ਦੇ ਲੋਕ ਅਮਰੀਕਾ ਜਾ ਕੇ ਵੱਸਣਾ ਚਾਹੁੰਦੇ ਹਨ ਪ੍ਰੰਤੂ ਇਕ ਖੋਜ ਮੁਤਾਬਕ ਅਮਰੀਕਾ 'ਚ ਜਨਮੇ ਲੋਕਾਂ ਵਿਚੋਂ ਹਰ ਤਿੰਨਾਂ ਵਿਚੋਂ ਇਕ ਵਿਦੇਸ਼ ਰਹਿਣ ਦਾ ਇੱਛੁਕ ਹੈ। ਦੂਜੇ ਦੇਸ਼ਾਂ ਦੀ ਖੋਜ ਲਈ 87.4 ਫ਼ੀਸਦੀ ਲੋਕ ਅਮਰੀਕਾ ਛੱਡ ਕੇ ਦੂਜੇ ਦੇਸ਼ ਵਿਚ ਜਾਣਾ ਚਾਹੁੰਦੇ ਹਨ।

ਯੂ ਕੇ ਦੀ ਕੈਂਟ ਯੂਨੀਵਰਸਿਟੀ ਦੇ ਅਮਾਂਡਾ ਕਲੇਕੋਵਸਕੀ ਵੋਨ ਕੋਪਰਫੈਲਸ ਨੇ ਇਸ ਦੀ ਜਾਣਕਾਰੀ ਦਿੱਤੀ। ਇਹ ਖੋਜ 'ਇੰਟਰਨੈਸ਼ਨਲ ਮਾਈਗ੍ਰੇਸ਼ਨ ਰੀਵਿਊ' ਵਿਚ ਛਪੀ ਹੋਈ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਅਮਰੀਕੀ ਨਾਗਰਿਕਾਂ ਦੀਆਂ ਵਿਦੇਸ਼ ਰਹਿਣ ਦੀਆਂ ਇੱਛਾਵਾਂ ਵਧੀਆਂ ਹਨ, ਪ੍ਰੰਤੂ ਉਹ ਆਪਣੀ ਕੌਮੀ ਪਛਾਣ ਕਾਇਮ ਰੱਖਦੇ ਹਨ। ਅਮਰੀਕੀਆਂ ਦੇ ਵਿਦੇਸ਼ ਰਹਿਣ ਦੀਆਂ ਵਧੀਆਂ ਇੱਛਾਵਾਂ 'ਤੇ ਅਮਰੀਕਾ ਦੇ ਵਿਦੇਸ਼ ਵੱਸਦੇ ਨਾਗਰਿਕਾਂ ਦੇ ਰਹਿਣ-ਸਹਿਣ ਤੇ ਫ਼ੌਜ ਵਿਚ ਸੇਵਾ ਦੌਰਾਨ ਵਿਦੇਸ਼ 'ਚ ਸੇਵਾ ਨਿਭਾਉਣ ਵਾਲੇ ਫ਼ੌਜੀਆਂ ਵੱਲੋਂ ਵੱਖ-ਵੱਖ ਦੇਸ਼ਾਂ ਦੇ ਕੀਤੇ ਜ਼ਿਕਰ ਦਾ ਕਾਫ਼ੀ ਅਸਰ ਹੈ। ਹੋਰ ਕਾਰਨ ਜਿਨ੍ਹਾਂ ਦੀ ਪਛਾਣ ਕੀਤੀ ਗਈ ਹੈ, ਉਨ੍ਹਾਂ 'ਚ ਰਿਟਾਇਰਮੈਂਟ (50.8 ਫ਼ੀਸਦੀ), ਅਮਰੀਕਾ 'ਚ ਰਹਿਣ ਦੇ ਮਾੜੇ ਹਾਲਾਤ (49 ਫ਼ੀਸਦੀ) ਅਤੇ ਕੰਮ ਕਰਦੇ ਲੋਕ (48.3 ਫ਼ੀਸਦੀ ਸ਼ਾਮਲ ਹਨ)। ਇਸ ਤੋਂ ਪਹਿਲੀ ਖੋਜ ਵਿਚ ਕਿਹਾ ਗਿਆ ਸੀ ਕਿ ਸੈਲਾਨੀ ਸਥਾਨਾਂ 'ਤੇ ਜਾਣ ਦਾ ਰੁਝਾਨ ਤੇ ਪੁਰਾਤੱਤਵ ਸਥਾਨਾਂ ਦੀ ਖੋਜ ਅਮਰੀਕੀਆਂ ਦੇ ਵਿਦੇਸ਼ ਵੱਸਣ ਦਾ ਮੁੱਖ ਕਾਰਨ ਹੈ। ਇਹ ਅਧਿਐਨ ਇਸ ਲਈ ਕੀਤਾ ਗਿਆ ਤਾਂਕਿ ਪਤਾ ਚੱਲ ਸਕੇ ਕਿ ਵਿਦੇਸ਼ ਗਏ ਅਮਰੀਕੀ ਨਾਗਰਿਕ ਥੋੜ੍ਹ ਚਿਰਾ ਜਾਂ ਹਮੇਸ਼ਾਂ ਲਈ ਵਿਦੇਸ਼ ਵੱਸਣ ਦੇ ਇੱਛੁਕ ਹਨ।

# ਮੁਸਲਿਮ ਲੋਕਾਂ ਨੂੰ ਚੀਨ ਸਰਕਾਰ ਪਤਨੀਆਂ ਨੂੰ ਮਿਲਣ ਨਹੀਂ ਦੇਂਦੀ



ਬੀਜਿੰਗ, 18 ਦਸੰਬਰ (ਪੋਸਟ ਬਿਊਰੋ)- ਚੀਨ 'ਤੇ ਰਾਜ ਕਰਦੀ ਕਮਿਊਨਿਸਟ ਪਾਰਟੀ ਨੂੰ ਨਾਸਤਿਕ ਮੰਨਿਆ ਜਾਂਦਾ ਹੈ। ਅੱਜ ਕੱਲ੍ਹ ਚੀਨ 'ਚ ਵੀ ਧਰਮ ਇਕ ਅਹਿਮ ਮੁੱਦਾ ਬਣ ਗਿਆ ਹੈ। ਚੀਨ ਓਥੇ ਮੁਸਲਿਮ ਕੱਟੜਪੰਥ ਦੇ ਉਭਾਰ ਤੋਂ ਚਿੰਤਤ ਹੈ। ਉਸ ਦਾ ਜਿਸਨਜਿਯਾਂਗ ਸੂਬਾ ਹੀ ਉਈਗਰ ਮੁਸਲਿਮ ਵੱਡੀ ਗਿਣਤੀ ਵਾਲਾ ਹੈ ਤੇ ਓਥੇ ਇਸਲਾਮ ਦਾ ਪ੍ਰਚਾਰ ਰੋਕਣ ਲਈ ਚੀਨ ਸਰਕਾਰ ਨੇ ਕਈ ਪਾਬੰਦੀਆਂ ਲਾਈਆਂ ਹੋਈਆਂ ਹਨ। ਵੱਡੀ ਗਿਣਤੀ ਮੁਸਲਮਾਨਾਂ ਨੂੰ ਨਜ਼ਰਬੰਦੀ ਕੈਂਪਾਂ 'ਚ ਰੱਖਿਆ ਗਿਆ ਹੈ, ਜਿਥੇ ਉਨ੍ਹਾਂ ਨੂੰ ਚੀਨ ਸਰਕਾਰ ਵਲੋਂ ਸਿਖਲਾਈ ਦੇਣ ਦੀ ਗੱਲ ਕੀਤੀ ਜਾ ਰਹੀ ਹੈ। ਇਸ ਦੇ ਲਈ ਚੀਨ ਦੀ ਨਿੰਦਾ ਵੀ ਹੋ ਰਹੀ ਹੈ, ਪਰ ਚੀਨ ਦੀ ਇਸ ਸਮੱਸਿਆ ਨਾਲ ਪਾਕਿਸਤਾਨ ਵੀ ਪ੍ਰਭਾਵਿਤ ਹੋ ਰਿਹਾ ਹੈ।

ਮਿਲੀ ਜਾਣਕਾਰੀ ਅਨੁਸਾਰ ਕਈ ਪਾਕਿਸਤਾਨੀ ਨਾਗਰਿਕ ਵਪਾਰ ਦੇ ਸਿਲਸਿਲੇ ਵਿੱਚ ਚੀਨ ਵਿੱਚ ਰਹਿੰਦੇ ਹਨ ਤੇ ਉਨ੍ਹਾਂ ਨੇ ਉਥੇ ਚੀਨ ਦੇ ਰਸਮੀ ਉਈਗਰ ਭਾਈਚਾਰੇ ਦੀਆਂ ਔਰਤਾਂ ਨਾਲ ਵਿਆਹ ਕੀਤੇ ਹਨ। ਚੀਨ ਨੇ ਇਨ੍ਹਾਂ ਲੋਕਾਂ ਦੀਆਂ ਪਤਨੀਆਂ ਤੇ ਬੱਚਿਆਂ ਨੂੰ ਹਿਰਾਸਤ 'ਚ ਲੈ ਕੇ ਨਜ਼ਰਬੰਦੀ ਕੈਂਪਾਂ 'ਚ ਰੱਖਿਆ ਹੈ। ਇਹ ਪਾਕਿਸਤਾਨੀ ਨਾਗਰਿਕ ਚੀਨ ਦੇ ਨਾਲ ਪਾਕਿਸਤਾਨ ਦੀ ਸਰਕਾਰ ਤੋਂ ਵੀ ਮਦਦ ਦੀ ਗੁਹਾਰ ਲਾ ਰਹੇ ਹਨ, ਪਰ ਅਜੇ ਤੱਕ ਇਨ੍ਹਾਂ ਪਾਕਿਸਤਾਨੀ ਨਾਗਰਿਕਾਂ ਨੂੰ ਉਨ੍ਹਾਂ ਦੀਆਂ ਪਤਨੀਆਂ ਨੂੰ ਮਿਲਣ ਦੀ ਆਗਿਆ ਨਹੀਂ ਮਿਲ ਸਕੀ। ਇਕ ਪਾਕਿਸਤਾਨੀ ਨਾਗਰਿਕ ਨੇ ਪੱਤਰਕਾਰ ਏਜੰਸੀ ਨਾਲ ਗੱਲ ਕਰਦਿਆਂ ਕਿਹਾ ਕਿ ਉਹ ਵਪਾਰ ਦੇ ਸਿਲਸਿਲੇ ਵਿੱਚ ਚੀਨ ਦੇ ਸਿਨਜਿਯਾਂਗ ਸੂਬੇ 'ਚ ਰਹਿੰਦੇ ਸਨ। ਕਰੀਬ ਇਕ ਸਾਲ ਪਹਿਲਾਂ ਉਹ ਆਪਣਾ ਵੀਜ਼ਾ ਰੀਨਿਊ ਕਰਵਾਉਣ ਲਈ ਪਾਕਿਸਤਾਨ ਆਏ ਤਾਂ ਇਸੇ ਦੌਰਾਨ ਚੀਨ ਨੇ ਉਨ੍ਹਾਂ ਦੀ ਪਤਨੀ ਤੇ ਬੱਚਿਆਂ ਨੂੰ ਹਿਰਾਸਤ 'ਚ ਲੈ ਕੇ ਨਜ਼ਰਬੰਦੀ ਕੈਂਪ 'ਚ ਭੇਜ ਦਿੱਤਾ। ਉਨ੍ਹਾਂ ਦੇ ਬੱਚਿਆਂ ਨੂੰ ਕੈਂਪਾਂ ਦੇ ਬਾਲ ਸੁਧਾਰ ਕੇਂਦਰ 'ਚ ਰੱਖਿਆ ਗਿਆ ਹੈ। ਉਸ ਦੀ ਪਤਨੀ ਨੂੰ ਕੈਂਪ 'ਚ ਬੱਚਿਆਂ ਤੋਂ ਵੱਖ ਰੱਖਿਆ ਗਿਆ ਹੈ। ਪਾਕਿਸਤਾਨੀ ਨਾਗਰਿਕ ਨੇ ਦੱਸਿਆ ਕਿ ਉਸੇ ਵਾਂਗ 200 ਤੋਂ ਵਧੇਰੇ ਹੋਰ ਨਾਗਰਿਕਾਂ ਦੀਆਂ ਪਤਨੀਆਂ ਨੂੰ ਵੀ ਕੈਂਪਾਂ 'ਚ ਰੱਖਿਆ ਗਿਆ ਹੈ ਤੇ ਕੋਈ ਵੀ ਉਨ੍ਹਾਂ ਨਾਲ ਮਿਲ ਨਹੀਂ ਸਕ ਰਿਹਾ। ਚੀਨ ਦੀ ਰਸਮੀ ਮੁਸਲਿਮ ਆਬਾਦੀ ਉਈਗਰ ਕਜ਼ਾਖ ਹਨ, ਜੋ ਚੀਨ ਦੇ ਸਿਨਜਿਯਾਂਗ ਸੂਬੇ ਵਿੱਚ ਰਹਿੰਦੇ ਹਨ। ਇਸ ਇਲਾਕੇ ਨੂੰ ਕੁਦਰਤੀ ਸਾਧਨਾਂ ਦੇ ਪੱਖੋਂ ਧਨੀ ਮੰਨਿਆ ਗਿਆ ਹੈ।

# 8 ਸਾਲ ਤੱਕ ਬੱਚੇ ਸਾਂਤਾ ਕਲਾਜ ਉੱਤੇ ਵਿਸ਼ਵਾਸ ਕਰਨਾ ਬੰਦ ਕਰ ਦਿੰਦੇ ਨੇ

ਲੰਡਨ, 18 ਦਸੰਬਰ (ਪੋਸਟ ਬਿਊਰੋ)- ਪੂਰੀ ਦੁਨੀਆ ਵਿੱਚ ਬੱਚੇ ਅੱਠ ਸਾਲ ਦੀ ਉਮਰ ਦੇ ਨੇੜੇ ਸਾਂਤਾ ਕਲਾਜ ਵਿੱਚ ਵਿਸ਼ਵਾਸ ਕਰਨਾ ਬੰਦ ਕਰ ਦਿੰਦੇ ਹਨ। ਇਹ ਗੱਲ ਇੱਕ ਅੰਤਰਰਾਸ਼ਟਰੀ ਸਰਵੇਖਣ ਵਿੱਚ ਪਤਾ ਲੱਗੀ ਹੈ, ਜਿਸ ਵਿੱਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਕਰੀਬ 34 ਫੀਸਦੀ ਅੱਲ੍ਹੜ ਚਾਹੁੰਦੇ ਹਨ ਕਿ ਉਹ ਅਜੇ ਵੀ ਫਾਦਰ ਕ੍ਰਿਸਮਸ ਵਿੱਚ ਭਰੋਸਾ ਕਰਨ। ਇਸ ਸਰਵੇਖਣ ਵਿੱਚ ਇਹ ਵੀ ਪਤਾ ਲੱਗਾ ਹੈ ਕਿ ਸਾਂਤਾ ਕਲਾਜ ਵਿੱਚ ਕਈ ਬੱਚੇ ਭਰੋਸਾ ਨਹੀਂ ਕਰਦੇ, ਪਰੰਤੂ ਕਈ ਅਜਿਹੇ ਯੁਵਾ ਵੀ ਹਨ, ਜੋ ਇਹ ਦਿਖਾਵਾ ਕਰਦੇ ਹਨ ਕਿ ਉਹ ਸਾਂਤਾ ਕਲਾਜ ਵਿੱਚ ਯਕੀਨ ਕਰਦੇ ਹਨ, ਜਦ ਕਿ ਉਨ੍ਹਾਂ ਨੂੰ ਪਤਾ ਹੈ ਕਿ ਉਸ ਦਾ ਕੋਈ ਹੋਂਦ ਨਹੀਂ ਹੈ। ਬ੍ਰਿਟੇਨ ਦੀ ਯੂਨੀਵਰਸਿਟੀ ਆਫ ਐਕਸੈਟਰ ਵਿੱਚ ਮਨੋਵਿਗਿਆਨ ਦੇ ਪ੍ਰੋਫੈਸਰ ਕ੍ਰਿਸ ਬੋਇਲ ਨੇ ਸੰਸਾਰ ਭਰ ਵਿੱਚ ਲੋਕਾਂ ਤੋਂ ਪੁੱਛ ਕੇ ਇਹ ਸਰਵੇ ਕੀਤਾ ਹੈ।

# ਅਮਰੀਕਾ, ਸਾਊਦੀ, ਯੂ ਏ ਈ ਦੀ ਤਾਲਿਬਾਨ ਨਾਲ ਵਾਰਤਾ ਸ਼ੁਰੂ

ਇਸਲਾਮਾਬਾਦ, 18 ਦਸੰਬਰ (ਪੋਸਟ ਬਿਊਰੋ)- ਅਫਗਾਨਿਸਤਾਨ ਵਿੱਚ 17 ਸਾਲ ਤੋਂ ਚੱਲਦੀ ਖਾਨਾਜੰਗੀ ਦੀ ਸਮਾਪਤੀ ਦੇ ਯਤਨਾਂ ਹੇਠ ਬੀਤੇ ਦਿਨੀਂ ਤਾਲਿਬਾਨ ਨਾਲ ਅਮਰੀਕਾ, ਸਾਊਦੀ ਅਰਬ, ਪਕਿਸਤਾਨ ਅਤੇ ਯੂ ਏ ਈ ਅਧਿਕਾਰੀਆਂ ਦੀ ਬੈਠਕ ਹੋਈ, ਜਿਹੜੀ ਅਜੇ ਹੋਰ ਜਾਰੀ ਰਹੇਗੀ।



ਵਾਸ਼ਿੰਗਟਨ ਦੇ ਵਿਸ਼ੇਸ਼ ਸ਼ਾਂਤੀ ਦੂਤ ਜਲਮੇ ਖਲੀਲਜਾਦ ਜਾਣਕਾਰੀ ਦਿੰਦੇ ਹੋਏ।

ਤਾਲਿਬਾਨ ਦੇ ਬੁਲਾਰੇ ਜਬੀਉਲਾ ਮੁਜ-ਾਹਿਦ ਨੇ ਗੱਲਬਾਤ ਦੀ ਜਾਣਕਾਰੀ ਦੇਂਦਿਆਂ ਬੈਠਕ ਦਾ ਹੋਰ ਕੋਈ ਵੇਰਵਾ ਨਹੀਂ ਦਿੱਤਾ। ਪਾਕਿਸਤਾਨ ਨੇ ਇਸ ਦਾ ਸਵਾਗਤ ਕੀਤਾ ਹੈ। ਅਫਗਾਨਿਸਤਾਨ ਦੀ ਸਰਕਾਰੀ ਨਿਊਜ਼ ਏਜੰਸੀ ਬਖਤਰ ਦੇ ਡਾਇਰੈਕਟਰ ਖਲੀਲ ਮੀਨਾਵੀ ਨੇ ਇਸ ਬੈਠਕ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਟਵੀਟ ਕਰਕੇ ਦੱਸਿਆ ਕਿ ਪਾਕਿਸਤਾਨ ਨੇ ਇਹ ਬੈਠਕ ਕਰਵਾਈ ਸੀ, ਜਿੱਸ ਵਿੱਚ ਤਾਲਿਬਾਨ ਨਾਲ ਅਮਰੀਕਾ, ਅਫਗਾਨਿਸਤਾਨ, ਪਾਕਿ-ਸਤਾਨ ਅਤੇ ਯੂ ਏ ਈ ਦੇ ਅਧਿਕਾਰੀਆਂ ਦੀ ਗੱਲਬਾਤ ਹੋਈ ਹੈ। ਬੀਤੇ ਦਿਨੀਂ ਹੋਈ ਬੈਠਕ 'ਚ ਅਫਗਾਨਿਸਤਾਨ ਸਰਕਾਰ ਵੱਲੋਂ ਮੌਜੂਦਗੀ ਨਾਮਾਤਰ ਰਹੀ। ਇਸ ਤੋਂ ਪਹਿਲਾਂ ਤਾਲਿਬਾਨ ਨੇ ਅਫਗਾਨਿਸਤਾਨ ਸਰਕਾਰ ਨਾਲ ਦੁਵੱਲੀ ਗੱਲਬਾਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਹ ਅਮਰੀਕਾ ਨਾਲ ਸਿੱਧੀ ਵਾਰਤਾ ਚਾਹੁੰਦਾ ਹੈ, ਜੋ ਇਸ ਵੇਲੇ ਹੋ ਰਹੀ ਹੈ। ਅਮਰੀਕਾ ਦੇ ਵਿਦੇਸ਼ ਮੰਤਰ-ਾਲੇ ਨੇ ਇਸ ਬੈਠਕ ਦੀ ਨਾ ਪੁਸ਼ਟੀ ਕੀਤੀ ਅਤੇ ਨਾ ਖੰਡਨ ਕੀਤਾ, ਪਰ ਵਾਸ਼ਿੰਗਟਨ ਦੇ ਵਿਸ਼ੇਸ਼ ਸ਼ਾਂਤੀ ਦੂਤ ਜਲਮੇ ਖਲੀਲਜਾਦ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਅਫਗਾਨਿਸਤਾਨ 'ਚ ਸ਼ਾਂਤੀ ਸਥਾਪਤ ਕਰਨ ਲਈ ਗੱਲਬਾਤ ਦਾ ਸਿਲਸਿਲਾ ਜਾਰੀ ਹੈ।

ਸੰਨ 2001 ਤੋਂ ਜਾਰੀ ਅਫਗਾਨਿਸਤਾਨ ਜੰਗ 'ਚ ਅਮਰੀਕਾ ਦੇ ਹਾਲੇ ਤੱਕ ਇਕ ਟ੍ਰਿਲਿਅਨ ਡਾਲਰ ਖਰਚ ਹੋ ਚੁੱਕੇ ਹਨ। ਅਮਰੀਕਾ ਲਈ ਇਹ ਹਾਲੇ ਤੱਕ ਦੀ ਸਭ ਤੋਂ ਲੰਬੀ ਲੜਾਈ ਸਾਬਤ ਹੋਈ ਹੈ। ਨਵੰਬਰ 'ਚ ਤਾਲਿਬਾਨ ਵੱਲੋਂ ਆਏ ਬਿਆਨ 'ਚ ਦੱਸਿਆ ਗਿਆ ਸੀ ਕਿ ਕਤਰ 'ਚ ਖਲੀਲਜਾਦ ਨਾਲ ਤਾਲਿਬਾਨ ਦੀ ਲਗਾਤਾਰ ਤਿੰਨ ਦਿਨ ਵਾਰਤਾ ਹੋਈ ਹੈ। ਕਤਰ ਵਿੱਚ ਤਾਲਿਬਾਨ ਦਾ ਸਿਆਸੀ ਦਫਤਰ ਹੈ। ਇਸ ਤੋਂ ਬਾਅਦ ਖਲੀਲਜਾਦ ਨੇ ਕਾਬੁਲ ਜਾ ਕੇ ਰਾਸ਼ਟਰਪਤੀ ਅਸ਼ਰਫ ਗਨੀ ਨਾਲ ਮੁਲਾਕਾਤ ਕੀਤੀ ਤੇ ਤਾਲਿਬਾਨ ਨਾਲ ਵਾਰਤਾ ਲਈ ਇਕ ਟੀਮ ਬਣਾਉਣ ਦੀ ਬੇਨਤੀ ਕੀਤੀ। ਖਲੀਲਜਾਦ ਨੇ ਕਿਹਾ ਕਿ ਅਪ੍ਰੈਲ 2019 'ਚ ਅਫਗਾਨਿਸਤਾਨ 'ਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਉਹ ਕਿਸੇ ਸਮਝੌਤੇ 'ਤੇ ਪਹੁੰਚਣਾ ਚਾਹੁੰਦੇ ਹਨ। ਇਸ ਸਮਝੌਤੇ ਨਾਲ ਅਫਗਾਨਿਸਤਾਨ ਦੇ ਭਵਿੱਖ ਦਾ ਰਸਤਾ ਤਿਆਰ ਹੋਵੇਗਾ।

# ਰੈਸਟੋਰੈਂਟ ਵਿੱਚ ਭੋਜਨ ਕਰਦੇ ਗ੍ਰਾਹਕ ਨੂੰ ਕੀਮਤੀ ਮੋਤੀ ਮਿਲਿਆ

ਵਾਸ਼ਿੰਗਟਨ, 18 ਦਸੰਬਰ (ਪੋਸਟ ਬਿਊਰੋ)- ਅਮਰੀਕਾ ਦੇ ਇਕ ਸ਼ਖਸ ਖਾਣੇ ਵਿਚੋਂ ਕੀਮਤੀ ਤੋਹਫਾ ਪ੍ਰਾਪਤ ਹੋਇਆ ਹੈ। ਲੰਚ ਲਈ ਰੈਸਟੋਰੈਂਟ ਪਹੁੰਚੇ ਇਕ ਸ਼ਖਸ ਨੂੰ ਆਰਡਰ ਕੀਤੇ ਖਾਣੇ ਵਿਚੋਂ ਕੀਮਤੀ ਮੋਤੀ ਮਿਲਿਆ। ਨਿਊਜਰਸੀ ਦੇ ਰਹਿਣ ਵਾਲੇ 66 ਸਾਲਾ ਰਿਕ ਐਂਟੋਸ਼ ਨਿਊਯਾਰਕ ਦੇ ਇਕ ਰੈਸਟੋਰੈਂਟ ਵਿਚ ਲੰਚ ਕਰਨ ਲਈ ਗਏ ਸਨ। ਉਨ੍ਹਾਂ ਨੇ ਲੰਚ ਵਿਚ ਸੀ-ਫੂਡ ਦਾ ਆਰਡਰ ਕੀਤਾ। ਟੇਬਲ 'ਤੇ ਆਰਡਰ ਆਉਣ ਮਗਰੋਂ ਜਦੋਂ ਉਹ ਖਾਣਾ ਖਾ ਰਹੇ ਸਨ ਤਾਂ ਅਚਾਨਕ ਦੰਦਾਂ ਵਿਚ ਕੁਝ ਸਖਤ ਚੀਜ਼ ਆ ਗਈ। ਉਨ੍ਹਾਂ ਨੂੰ ਲੱਗਾ ਕਿ ਸਖਤ ਚੀਜ਼ ਸ਼ਾਇਦ ਉਨ੍ਹਾਂ ਦਾ ਦੰਦ ਹੋਵੇਗਾ। ਉਨ੍ਹਾਂ ਨੇ ਉਸ ਚੀਜ਼ ਨੂੰ ਮੂੰਹ ਤੋਂ ਬਾਹਰ ਕੱਢ ਕੇ ਦੇਖਿਆ। ਇਸ ਸਖਤ ਚੀਜ਼ ਨੂੰ ਦੇਖ ਕੇ ਉਹ ਹੈਰਾਨ ਰਹਿ ਗਏ, ਕਿਉਂਕਿ ਇਹ ਇਕ ਕੀਮਤੀ ਮੋਤੀ ਸੀ। ਰਿਕ ਨੇ ਤੁਰੰਤ ਉਸ ਮੋਤੀ ਨੂੰ ਆਪਣੀ ਜੇਬ ਵਿਚ ਰੱਖ ਲਿਆ। ਘਰ ਆ ਕੇ ਰਿਕ ਨੇ ਹੋਟਲ ਮੈਨੇਜਰ ਨੂੰ ਫੋਨ ਕਰ ਕੇ ਪੂਰੇ ਘਟਨਾਕ੍ਰਮ ਬਾਰੇ ਦੱਸਿਆ। ਉਸ ਮੋਤੀ ਦੀ ਕੀਮਤ 14.75 ਡਾਲਰ ਹੈ, ਪਰ ਮਾਹਰਾਂ ਦਾ ਮੰਨਣਾ ਹੈ ਕਿ ਬਾਜ਼ਾਰ ਵਿਚ ਉਸ ਦੀ ਕੀਮਤ 2000 ਡਾਲਰ ਤੋਂ 4000 ਡਾਲਰ ਹੋ ਸਕਦੀ ਹੈ।

A/Z Drivers Needed/ਡਰਾਈਵਰਾਂ ਦੀ ਲੋੜ
- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London
- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week
"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344

Honesty, Reliability, Commitment
HOMELIFE SILVERCITY REALTY INC. BROKERAGE
"Open House Until Sold"
○ 1 yr Home Warranty ○ Get 40% Discount on Brand Name
○ Furniture & Home Appliances ○ Free Evaluation & Lowest Commission
Hira Randhawa
Broker
www.hirarandhawa.com | hirarandhawa@yahoo.ca
For all your Needs Call: 416.319.0551 or 905.913.8585
SAVE SAVE SAVE ....$$$$$$
Super Visa Insurance
On affordable rates, pay in installments, full refund on early cancellation.
RESP
Act immediately to get 15% Extra govt. grant of Year 2018
Visitor/Travel/Life/ Disability/Funeral Insurance

MICHELIN Hankook Continental ROADLUX BFGoodrich AEOLUS
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ
7 ਦਿਨ ਖੁੱਲਾ
SPECIAL ON TRUCK ALIGNMENT BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Chevron Delo
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਐਸੋਸੀਏਸ਼ਨ ਆਫ ਸੀਨੀਅਰਜ਼ ਦੀ ਕੈਵਿਨ ਯਾਰਡੇ ਨਾਲ ਮੁਲਾਕਾਤ

( ਹਰਜੀਤ ਬੇਦੀ)

ਪਿਛਲੇ ਦਿਨੀ ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ ਆਫ ਬਰੈਂਪਟਨ ਦੀ ਕਾਰਜਕਾਰਣੀ ਕਮੇਟੀ ਮੈਂਬਰਾਂ ਨੇ ਪਰਧਾਨ ਪਰਮਜੀਤ ਬੜਿੰਗ ਦੀ ਅਗਵਾਈ ਵਿੱਚ ਐਮ ਪੀ ਪੀ ਕੈਵਿਨ ਯਾਰਡੇ ਨਾਲ ਮੁਲਾਕ-ਾਤ ਕੀਤੀ। ਜਿਸ ਵਿੱਚ ਮੰਗ ਕੀਤੀ ਗਈ ਕਿ ਉਹ ਸੀਨੀਅਰਜ਼ ਜੋ 65 ਸਾਲ ਦੇ ਹੋਣ ਤੇ ਉਹਨਾਂ ਦੀ ਕਨੇਡਾ ਵਿੱਚ ਠਹਿਰ 10 ਸਾਲ ਤੋਂ ਘੱਟ ਹੁੰਦੀ ਹੈ ਉਹਨਾਂ ਨੂੰ ਪੈਨਸ਼ਨ ਨਾ ਮਿਲਣ ਕਰਕੇ ਘੱਟੋ ਘੱਟ 500 ਡਾਲਰ ਮਾਸਿਕ ਗੁਜਾਰਾ ਭੱਤਾ ਦਿੱਤਾ ਜਾਵੇ। ਉਹਨਾਂ ਨੇ ਇਹ ਗੱਲ ਸਮਝਾਈ ਕਿ ਇਸ ਨੂੰ ਪੈਨਸ਼ਨ ਨਾਲ ਨਾ ਜੋੜਿਆ ਜਾਵੇ ਇਹ ਪੈਨਸ਼ਨ ਨਹੀਂ ਸਗੋਂ ਇੱਕ ਰਾਹਤ ਦੀ ਮੰਗ ਹੈ ਕਿਉਂਕਿ ਜਦ ਕੋਈ ਵਿਅਕਤੀ ਵੱਡੀ ਉਮਰ ਵਿੱਚ ਕਨੇਡਾ ਆਉਂਦਾ ਹੈ ਤਾਂ ਉਸਨੂੰ ਨਾ ਤਾਂ ਪੈਨਸ਼ਨ ਮਿਲਦੀ ਹੈ ਨਾ ਹੀ ਇੱਥੇ ਅਮਦਨ ਦਾ ਕੋਈ ਹੋਰ ਸਾਧਨ ਹੁੰਦਾ ਹੈ। ਇਸ ਤਰ੍ਹਾਂ ਉਹ ਰੋਜਮਰ੍ਹਾਂ ਖਰਚਿਆਂ ਜਿਵੇਂ ਗੁਰੂ ਘਰ ਜਾ ਮੰਦਰ ਵਗੈਰਾ ਜਾਣਾ ਜਾਂ ਕੌਫੀ ਵਗੈਰਾ ਪੀਣਾ ਆਦਿ ਦੇ ਖਰਚੇ ਤੋਂ ਲਾਚਾਰ ਹੋ ਜਾਂਦਾ ਹੈ। ਇਸ ਲਈ ਅਸੀਂ ਉਹਨਾਂ ਸੀਨੀਅਰਜ਼ ਲਈ ਘੱਟੋ ਘੱਟ 500 ਡਾਲਰ ਮੰਗ ਕਰਦੇ ਹਾਂ। ਆਟੋ ਇੰਸ਼ੋਰੈਂਸ਼ ਬਾਰੇ ਗੱਲ ਕਰਦਿਆਂ ਮੰਗ ਕੀਤੀ ਕਿ ਪ੍ਰੀਮੀਅਮ ਦੀ ਦਰ ਘੱਟ ਹੋਣੀ ਚਾਹੀਦੀ ਹੈ ਅਤੇ ਪੋਸਟਲ ਕੋਡ ਤੇ ਆਧਾਰਤ ਨਹੀਂ ਹੋਣੀ ਚਾਹੀਦੀ। ਇਸ ਦੇ ਜਵਾਬ ਵਿੱਚ ਐਮ ਪੀ ਪੀ ਨੇ ਕਿਹਾ ਕਿ ਅਸੀਂ ਇਸ ਸਬੰਧੀ ਮੋਸ਼ਨ ਰੱਖਿਆ ਸੀ ਜੋ ਰੂਲਿੰਗ ਪਾਰਟੀ ਨੇ ਪਾਸ ਨਹੀਂ ਹੋਣ ਦਿੱਤਾ। ਉਸ ਸਮੇਂ ਬਰੈਂਪਟਨ ਦੇ ਪੀ ਸੀ ਨਾਲ ਸਬੰਧਤ ਅਮੈ ਪੀ ਪੀ ਗੈਰਹਾਜ਼ਰ ਰਹੇ। ਉਸ ਨੇ ਇਹ ਵੀ ਕਿਹਾ ਕਿ ਅਸੀਂ ਆਟੋ ਇੰਸ਼ੋਰੈਂਸ਼ ਸਬੰਧੀ ਆਪਣੀ ਜਦੋਜਹਿਦ ਜਾਰੀ ਰੱਖਾਂਗੇ।



ਇਸ ਤੋਂ ਬਾਦ ਲੋਅ ਇਨਕਮ ਸੀਨੀਅਰਜ਼ ਦੇ ਅੱਖਾਂ ਅਤੇ ਦੰਦਾ ਦੀ ਸਿਹਤ ਸੰਭਾਲ ਅਲਬਰਟਾ ਵਾਂਗ ਮੁਫਤ ਹੋਣ ਬਾਰੇ ਗੱਲਬਾਤ ਕੀਤੀ ਗਈ। ਇਸ ਤੇ ਐਮ ਪੀ ਪੀ ਨੇ ਜਵਾਬ ਵਿੱਚ ਕਿਹਾ ਕਿ ਇਸ ਤੇ ਅਸੀਂ ਕੰਮ ਕਰ ਰਹੇ ਹਾਂ ਤੇ ਕੋਸ਼ਿਸ਼ ਕਰਾਂਗੇ ਕਿ ਪਰੋਵਿੰਸਲ ਸਰਕਾਰ ਇਹ ਲਾਗੂ ਕਰੇ। ਐਸੋਸੀਏਸ਼ਨ ਨੇ ਇਹ ਮੰਗ ਪੇਸ਼ ਕੀਤੀ ਕਿ ਸੀਨੀਅਰਜ਼ ਹੋਮਜ ਵਿੱਚ ਰਹਿ ਰਹੇ ਸੀਨੀਅਰਜ਼ ਨੂੰ 6 ਮਹੀਨੇ ਤੱਕ ਉਹਨਾਂ ਨੂੰ ਘਰਾਂ ਤੋਂ ਬਾਹਰ ਰਹਿਣ ਦੀ ਇਜਾਜਤ ਦਿੱਤੀ ਜਾਵੇ ਜਿਵੇਂ ਫੈਡਰਲ ਸਰਕਾਰ ਵਲੋਂ ਸੀਨੀਅਰਜ਼ 6 ਮਹੀਨੇ ਤਕ ਆਪਣੇ ਹੋਮ ਕੰਟਰੀ ਜਾ ਕੇ ਰਹਿਣ ਦੀ ਇਜਾਜਤ ਹੈ। ਸੀਨੀਅਰਜ਼ ਲਈ ਸਾਲਾਨਾ ਬੱਸ ਪਾਸਾਂ ਬਾਰੇ ਗੱਲ ਕਰਦਿਆਂ ਐਸੋਸੀਏਸ਼ਨ ਵਲੋਂ ਇਹ ਨੁਕਤਾ ਪੇਸ਼ ਕੀਤਾ ਗਿਆ ਕਿ ਹੁਣ ਉਹ ਜਦੋਂ ਡਾਕਟਰ ਜਾਂ ਕਿਸੇ ਹੋਰ ਥਾਂ ਜਾਂਦੇ ਹਨ ਤਾਂ ਇਸੇ ਚਿੰਤਾ ਚ ਰਹਿੰਦੇ ਹਨ ਕਿ ਪਾਸ ਦਾ ਸਮਾਂ ਖਤਮ ਨਾ ਹੋ ਜਾਵੇ ਜਦ ਕਿ ਓੱਲਡ ਏਜ ਸ਼ਾਂਤੀ ਨਾਲ ਰਹਿਣ ਦੀ ਹੁੰਦੀ ਹੈ । ਐਸੋਸੀਏਸ਼ਨ ਨੇ ਇਹ ਗੱਲ ਵੀ ਦੱਸੀ ਕਿ ਬੀ ਸੀ ਅਤੇ ਅਲਬਰਟਾ ਵਿੱਚ ਪਹਿਲਾਂ ਹੀ ਸਾਲਾਨਾ ਟਰਾਂਜਿਟ ਪਾਸ ਦੀ ਸੁਵਿਧਾਂ ਹੈ।

ਬਰੈਂਪਟਨ ਵਿੱਚ ਇੱਕ ਹੋਰ ਨਵਾਂ ਸਿਵਿਕ ਹਸਪਤਾਲ ਅਤੇ ਹੈਲਥ ਯੁਨੀਵਰਸਿਟੀ ਬਣਾਉਣ ਦੀ ਮੰਗ ਕੀਤੀ ਗਈ। ਇਸ ਸਬੰਧ ਵਿੱਚ ਦਾ ਕਹਿਣਾ ਸੀ ਕਿ ਉਹ ਤਾਂ ਪਹਿਲਾਂ ਹੀ ਇਸ ਮੁੱਦੇ ਤੇ ਲੜਾਈ ਲੜ ਰਹੇ ਹਨ। ਅਸੀਂ ਤਾਂ ਇਸ ਵਾਸਤੇ ਤੁਹਾਡੇ ਨਾਲੋਂ ਜਿਆਦਾ ਇੱਛੁਕ ਹਾਂ ਅਤੇ ਅਸੀਂ ਤਾਂ ਪਰੋਵਿੰਸਲ ਪਾਰਲੀਮੈਂਟ ਵਿੱਚ ਮਤਾ ਪੇਸ਼ ਕੀਤਾ ਸੀ ਪਰ ਬਰੈਂਪਟਨ ਦੇ ਪੀ ਸੀ ਪਾਰਟੀ ਐਮ ਪੀ ਪੀ ਮੈਂਬਰ ਇੱਥੇ ਵੀ ਗੈਰਹਾਜ਼ਰ ਰਹੇ। ਉਸ ਨੇ ਅੱਗੇ ਕਿਹਾ ਕਿ ਅਸੀਂ ਤਾਂ ਤੁਹਾਡੇ ਤੋਂ ਆਸ ਰਖਦੇ ਹਾਂ ਕਿ ਇਸ ਮਸਲੇ ਤੇ ਸਾਡਾ ਵੱਧ ਤੋਂ ਵੱਧ ਸਾਥ ਦਿਓ। ਐਸੋਸੀਏਸ਼ਨ ਦੀ ਇਹ ਮੰਗ ਰਹੀ ਹੈ ਕਿ ਸੀਨੀਅਰਜ਼ ਲਈ 15% ਘਰ ਰਾਖਵੇਂ ਬਣਾਏ ਜਾਣ । ਪਰ ਬਰੈਂਪਟਨ ਵਿੱਚ ਨਵੀਂ ਕੰਨਸਟਰਕਸ਼ਨ ਦੀ ਬਹੁਤੀ ਗੁੰਜਾਇਸ਼ ਨਾ ਹੋਣ ਕਾਰਣ ਐਸੋਸੀਏਸ਼ਨ ਦੀ ਮੰਗ ਹੈ ਕਿ ਜੇ ਕਿਤੇ ਨਵੇਂ ਘਰ ਬਣਨ ਤਾਂ ਸੀਨੀਅਰਜ਼ ਲਈ ਰਾਖਵੇਂ ਰੱਖੇ ਜਾਣ। ਸੀਨੀਅਰਜ ਲਈ ਛੋਟੇ ਘਰਾਂ ਵਾਲੇ ਕੰਪਲੈਕਸ ਉਸਾਰੇ ਜਾਣ ਇਸ ਨਾਲ ਉਹਨਾਂ ਦੀ ਰਿਹਾਇਸ ਦੀ ਸਮੱਸਿਆ ਹੱਲ ਹੋਣ ਦੇ ਨਾਲ ਹੀ ਉਹਨਾਂ ਨੂੰ ਹਮਉਮਰ ਲੋਕਾਂ ਦਾ ਸਾਥ ਵੀ ਮਿਲੇਗਾ।

ਅੰਤ ਵਿੱਚ ਕੈਵਿਨ ਯਾਰਡੇ ਨੇ ਕਿਹਾ ਕਿ ਤੁਸੀਂ ਆਪਣੇ ਮਸਲਿਆਂ ਬਾਰੇ ਜਾਣੂ ਕਰਵਾ ਦਿੱਤਾ ਹੈ ਤੇ ਮੈਂ ਉਹਨਾਂ ਨੂੰ ਧਿਆਨ ਵਿੱਚ ਰੱਖ ਕੇ ਹੱਲ ਕਰਨ ਲਈ ਲਗਾਤਾਰ ਵਰਕ ਕਰਾਂਗਾ। ਉਸ ਨੇ ਗੱਲਬਾਤ ਦੌਰਾਨ ਕਿਹਾ ਕਿ ਮੈਂ ਤੁਹਾਡੀਆਂ ਗੱਲਾਂ ਸੁਣ ਕੇ ਮੈਨੂੰ ਬਹੁਤ ਖੁਸ਼ੀ ਹੋਈ ਹੈ ਤੇ ਉਹਨਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਇਸ ਮੀਟਿੰਗ ਵਿੱਚ ਵਿੱਚ ਸ਼ਾਮਲ ਹੋਣ ਵਾਲੇ ਮੈਂਬਰਾਂ ਬਲਵਿੰਦਰ ਬਰਾੜ, ਦੇਵ ਸੂਦ,ਪ੍ਰੀਤਮ ਸਿੰਘ ਸਰਾਂ ਅਤ ਅਮਰੀਕ ਸਿੰਘ ਕੁਮਰੀਆ ਨੇ ਬੜੇ ਸੁਲਝੇ ਢੰਗ ਨਾਲ ਵਿਚਾਰ ਵਟਾਂਦਰੇ ਵਿੱਚ ਹਿੱਸਾ ਲਿਆ।

ਇਹਨਾਂ ਦਿਨਾਂ ਵਿੱਚ ਹੀ ਫੈਡਰਲ ਮਨਿਸਟਰ ਆਫ ਸੀਨੀਅਰਜ਼ ਫਿਲੋਮੀਨਾ ਪਾਸੀ ਨੇ ਸੀਨੀਅਰਜ਼ ਨਾਲ ਮੁਲਾਕਾਤ ਕੀਤੀ। ਜਿਸ ਵਿੱਚ ਐਸੋਸੀਏਸ਼ਨ ਦੇ ਮੈਂਬਰਾਂ ਨੇ ਸੀਨੀਅਰਜ਼ ਦੇ ਮਸਲਿਆਂ ਬਾਰੇ ਗੱਲ ਕਰਨ ਲਈ ਭਰਵੀਂ ਸ਼ਮੂਲੀਅਤ ਕੀਤੀ। ਜਿਸ ਵਿੱਚ ਐਸੋਸੀਏਸ਼ਨ ਦੇ ਪਰਧਾਨ ਪਰਮਜੀਤ ਬੜਿੰਗ ਨੇ ਇਹ ਦਸਦੇ ਹੋਏ ਕਿ ਐਸੋਸੀਏਸ਼ਨ ਵਿੱਚ 30 ਤੋਂ ਵੱਧ ਕਲੱਬ ਸ਼ਾਮਲ ਹਨ ਜਿਹਨਾਂ ਦੇ ਮੈਂਬਰਾਂ ਦੀ ਗਿਣਤੀ ਪੰਜ ਹਜ਼ਾਰ ਦੇ ਲੱਗਪੱਗ ਹੈ ਨੇ ਸੀਨੀਅਰਜ਼ ਦੀਆਂ ਤਿੰਨ ਮੁੱਖ ਮੰਗਾਂ ਬਾਰੇ ਗੱਲ ਕਰਦੇ ਕਿਹਾ ਕਿ ਓ ਏ ਐਸ ਅਤੇ ਜੀ ਆਈ ਐਸ ਦੀ ਦਰ ਬਹੁਤ ਘੱਟ ਹੈ ਜੋ ਕਿ ਕਾਫੀ ਸਮਾਂ ਪਹਿਲਾਂ ਨਿਰਧਾਰਤ ਹੋਈ ਸੀ। ਅੱਜ ਜਦੋਂ ਜਦੋਂ ਘੱਟੋ ਘੱਟੋ 14 ਡਾਲਰ ਪ੍ਰਤੀ ਘੰਟਾ ਉਜਰਤ ਹੋ ਗਈ ਹੈ ਤਾਂ ਇਹ ਦਰਾਂ ਵੀ ਉਸੇ ਅਨੁਪਾਤ ਵਿੱਚ ਵਧਣੀਆਂ ਚਾਹੀਦੀਆਂ ਹਨ। ਇਹਨਾਂ ਨੂੰ ਪਰਾਈਸ ਇੰਡੈਕਸ ਨਾਲ ਜੋੜਿਆ ਜਾਵੇ। ਇਸ ਮੰਗ ਨੂੰ ਸਾਰੇ ਹਾਜ਼ਰ ਸੀਨੀਅਰਾਂ ਨੇ ਸਰਾਹਿਆ ਅਤੇ ਪਰੋੜ੍ਹਤਾ ਕੀਤੀ। ਦੂਜੀ ਮੰਗ ਇਹ ਰੱਖੀ ਗਈ ਕਿ ਜਦੋਂ ਕਿਸੇ ਹੋਰ ਦੇਸ਼ ਵਿੱਚ ਹੋਈ ਆਮਦਨ ਕਨੇਡਾ ਵਿੱਚ ਨਹੀਂ ਆ ਜਾਂਦੀ ਉਹ ਇੱਥੇ ਦੀ ਇਨਕਮ ਵਿੱਚ ਨਹੀਂ ਆਉਂਦੀ। ਤੀਜੀ ਮੰਗ ਬਦੇਸ਼ੀ ਪਰਾਪਰਟੀ ਦੀ ਕੀਮਤ ਇੱਕ ਲੱਖ ਡਾਲਰ ਮਿਥੀ ਹੋਈ ਹੈ ਇਹ 40 ਸਾਲ ਪੁਰਾਣੀ ਹੈ। ਇਸ ਨੂੰ ਘੱਟੋ ਘੱਟ ਇੱਕ ਮਿਲੀਅਨ ਡਾਲਰ ਕੀਤਾ ਜਾਵੇ। ਇਸ ਦੇ ਜਵਾਬ ਵਿੱਚ ਮਨਿਸਟਰ ਨੇ ਕਿਹਾ ਕਿ ਇਸ ਬਾਰੇ ਅਸੀਂ ਕੰਮ ਕਰਾਂਗੇ ਅਤੇ ਜਲਦੀ ਹੀ ਚੰਗੇ ਰਿਜਲਟ ਮਿਲਣਗੇ।

ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬ ਆਫ ਬਰੈਂਪਟਨ ਸਬੰਧੀ ਕਿਸੇ ਵੀ ਜਾਣਕਾਰੀ ਲਈ ਪਰਮਜੀਤ ਬੜਿੰਗ 647-963-0331,ਬਲਵਿੰਦਰ ਬਰਾੜ 647-262-4026, ਪ੍ਰੋ: ਨਿਰਮਲ ਧਾਰਨੀ 416-670-5874, ਕਰਤਾਰ ਚਾਹਲ 647-854-8746, ਦੇਵ ਸੂਦ 416-533-0722 ਜਾਂ ਪਰੀਤਮ ਸਿੰਘ ਸਰਾਂ 416-833-0567 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਵਿਸ਼ਵ ਦੀ ਨੰਬਰ ਇੱਕ ਟੀਮ ਬਣੀ ਬੈਲਜੀਅਮ, ਭਾਰਤ ਪੰਜਵੇਂ ਸਥਾਨ ’ਤੇ ਬਰਕਰਾਰ

ਸੁਖਵੀਰ ਗਰੇਵਾਲ



ਭੁਬਨੇਸ਼ਵਰ, 17 ਦਸੰਬਰ: ਹਾਕੀ ਦਾ ਵਿਸ਼ਵ ਕੱਪ ਜਿੱਤਣ ਤੋਂ ਬਾਅਦ ਬੈਲਜੀਅਮ ਦੀ ਟੀਮ ਦੁਨੀਆਂ ਦੀ ਨੰਬਰ ਇੱਕ ਟੀਮ ਬਣ ਗਈ ਹੈ। ਪਿਛਲੇ ਕਈ ਸਾਲਾਂ ਤੋਂ ਨੰਬਰ ਇੱਕ ਤੇ ਟਿਕੀ ਹੋਈ ਆਸਟਰੇਲੀਆ ਦੀ ਟੀਮ ਹੁਣ ਦੂਜੇ ਸਥਾਨ ’ਤੇ ਖਿਸਕ ਗਈ ਹੈ। ਐਫਆਈਐਚ ਵਲੋਂ ਨਵੀਂ ਰੈਕਿੰਗ ਸੂਚੀ ਇੱਥੇ ਖਤਮ ਹੋਏ ਵਿਸ਼ਵ ਕੱਪ ਵਿੱਚ ਟੀਮਾਂ ਦੀ ਕਾਰਗੁਜ਼ਾਰੀ ਤੋਂ ਬਾਅਦ ਜਾਰੀ ਕੀਤੀ ਗਈ ਹੈ।

ਬੈਲਜੀਅਮ ਦੀ ਟੀਮ ਕੋਲ਼ 2196 ਅੰਕ ਹਨ ਜਦ ਕਿ 15 ਅੰਕਾਂ ਨਾਲ਼ ਪਛੜ ਕੇ ਅਸਟਰੇਲੀਆ ਦੀ ਟੀਮ ਦੂਜੇ ਸਥਾਨ ’ਤੇ ਆ ਗਈ ਹੈ। ਵਿਸ਼ਵ ਕੱਪ ਵਿੱਚ ਉਪ ਜੇਤੂ ਬਣਨ ਦਾ ਨੈਦਰਲੈਂਡ ਨੂੰ ਫਾਇਦਾ ਹੋਇਆ ਹੈ ਜਿਸ ਕਰਕੇ ਇਹ ਟੀਮ ਚੌਥੇ ਸਥਾਨ ਤੋਂ ਤੀਜੇ ਸਥਾਨ ’ਤੇ ਪੁੱਜ ਗਈ ਹੈ। ਉਲੰਪਿਕ ਚੈਂਪੀਅਨ ਅਰਜਨਟੀਨਾ ਦਾ ਇਸ ਵਿਸ਼ਵ ਕੱਪ ਵਿੱਚ ਪ੍ਰਦਰਸ਼ਨ ਬਹੁਤਾ ਵਧੀਆ ਨਹੀਂ ਰਿਹਾ ਜਿਸ ਕਰਕੇ ਟੀਮ ਦੀ ਰੈਕਿੰਗ ਤੀਜੇ ਸਥਾਨ ਤੋਂ ਖਿਸਕ ਕੇ ਚੌਥੇ ਸਥਾਨ ਤੇ ਆ ਗਈ ਹੈ।

ਵਿਸ਼ਵ ਕੱਪ ਵਿੱਚ ਭਾਰਤ ਦੇ ਪ੍ਰਦਰਸ਼ਨ ਦਾ ਰੈਕਿੰਗ ਉਪਰ ਕੋਈ ਅਸਰ ਨਹੀਂ ਪਿਆ ਹੈ ਜਿਸ ਕਰਕੇ ਟੀਮ ਨੇ ਪੰਜਵਾਂ ਸਥਾਨ ਬਰਕਰਾਰ ਰੱਖਿਆ ਹੈ। ਚੀਨ ਅਤੇ ਫਰਾਂਸ ਦੀਆਂ ਟੀਮਾਂ ਦੁਆਰਾ ਵਿਸ਼ਵ ਕੱਪ ਵਿੱਚ ਪ੍ਰਦਰਸ਼ਨ ਦਾ ਟੀਮਾਂ ਨੂੰ ਕਾਫੀ ਫਾਇਦਾ ਹੋਇਆ ਹੈ। 17ਵੇਂ ਸਥਾਨ ਤੇ ਚੱਲ ਰਹੀ ਚੀਨ ਦੀ ਟੀਮ ਹੁਜ਼ 14ਵੇਂ ਸਥਾਨ ਤੇ ਪਹੁੰਚ ਗਈ ਹੈ ਜਦਕਿ ਫਰਾਂਸ 20ਵੀਂ ਰੈਕਿੰਗ ਤੋਂ 15ਵੇਂ ਸਥਾਨ ’ਤੇ ਪੁੱਜ ਗਿਆ ਹੈ।

Machine Operators Required

ਇਸ ਐਂਟਰੀ ਲੈਵਲ ਜੌਬ ਨਾਲ ਆਪਣੀ ਟੈਕਨੀਕਲ ਮੁਹਾਰਤ ਵਿੱਚ ਵਾਧਾ ਕਰੋ ਅਤੇ ਇਸ ਕੰਮ ਦਾ ਤਜ਼ਰਬਾ ਪ੍ਰਾਪਤ ਕਰੋ।

- ਕਿਸੇ ਕਿਸਮ ਦੇ ਪਹਿਲੇ ਤਜ਼ਰਬੇ ਦੀ ਲੋੜ ਨਹੀਂ
- ਅਸੀਂ ਤੁਹਾਨੂੰ ਪੂਰੀ ਟਰੇਨਿੰਗ ਦਿਆਂਗੇ
- ਪੱਕੇ ਘੰਟਿਆਂ ਵਾਲਾ ਪੱਕਾ ਕੰਮ

Duties & Responsibilities
- Assemble, load and unload production parts
- lifting up to 20 lbs
- Operate on 2-3 CNC machines at one time.
- Use mechanical attitude to troubleshoot and maintain different machine

Pay Rate: $15 - $16 per hour
To apply send resume to aisha@wemovepeople.co

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
- Disability Insurance
- Travel Insurance
- Medical Benefits
- Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਜਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6’2”, MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ । (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5’5”, ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ , ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5’-7”, Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। - CASTE NO-BAR. For more info. Call 416-917-8804

ਜੱਟ ਸਿੱਖ ਗਿੱਲ ਲੜਕਾ, ਉਮਰ 31 ਸਾਲ, ਕੱਦ 5’6”, ਪਿਛਲੇ 10 ਸਾਲਾਂ ਤੋਂ ਦੁਬਾਈ ਵਿੱਚ ਟੱਰਕ ਚਲਾ ਰਿਹ ਲੜਕੇ ਲਈ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 00918699923074 । 00971559436629(WhatsApp)

ਜੱਟ ਸਿੱਖ ਸੰਘਾ, ਇਕਲੋਤਾ ਲੜਕਾ, ਵੈਸ਼ਨੂੰ , ਉਮਰ 24 ਸਾਲ, ਕੱਦ 5’-7”, ਰੰਗ ਗੋਰਾ, B.sc Computer Science, 30 Acre ਜ਼ਮੀਨ, **District** ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

